
ISSN 0972-2335

# ਅੰਮ੍ਰਿਤ ਕੀਰਤਨ

## ਅਪ੍ਰੈਲ 2020



**(Painting "*Passion*" by Danielle M Calabrese)**

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



## ਸਾਵਣ

ਸਾਵਣ ਸੰਗ, ਬਿਨਾ ਤੇਰੇ, ਕਿਸਦਾ ਸੰਗ ਕਰੂੰਗੀ ਮੈਂ?
ਮੈਂ ਅਣਤਾਰੂ ਤਰ ਭੀ ਨਾ ਜਾਣਾ, ਆਪੇ ਡੁੱਬ ਮਰੂੰਗੀ ਮੈਂ।
ਕਾਮ, ਕ੍ਰੋਧ, ਹੰਕਾਰ, ਲੋਭ, ਮੋਹ ਦੀ ਅੱਗ ਵਿੱਚ ਸੜੂੰਗੀ ਮੈਂ।
ਇਹ 'ਤੇ ਸਾਗਰ ਪਾਰ ਤਰਨ ਨੂੰ ਕਿਸਦਾ ਲੜ੍ਹ ਫੜੂੰਗੀ ਮੈਂ?
ਵਿੱਚ ਉਡੀਕਾਂ ਉਮਰ ਗੁਜ਼ਾਰੀ, ਖਾ ਕੁੱਝ ਅੰਤ ਮਰੂੰਗੀ ਮੈਂ।
ਹੋਈ ਨਿਮਾਣੀ ਆਤੁਰ ਹੋਈਆਂ, ਚਰਨੀ ਸੀਸ ਧਰੂੰਗੀ ਮੈਂ।
ਸੰਤੋਖ ਸਿੰਘਾ, ਦਸ ਕਿਸਦੇ ਕੋਲੇ ? ਦੁਖੜਾ ਫੋਲ ਮਰੂੰਗੀ ਮੈਂ।

## सावण

सावण संग, बिना दस तेरे, किसदा संग करूंगी मैं?
मैं अणतारू तर भी न जाणा, आपे डुब मरूंगी मैं।
काम, क्रोध, हंकार, लोभ, मोह दी अग विच सडूंगी मैं।
इह भव सागर पार तरन नूं, किसदा लड़ फडूंगी मै?
विच उडीकाँ उमर गुजारी, खा कुझ अंत मरूंगी मैं।
संतोख सिंघा दस किसदे कोले ? दुखड़ा फोल मरूंगी मैं।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਸਾਵਣ - ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ** | ਟਾ-2 |
| **ਸੰਪਾਦਕੀ: ਕਰਉ ਬੇਨੰਤੀਆ: ਡਰਿ ਡਰਿ ਡਰਣਾ ਮਨ ਕਾ ਸੋਰੁ** | 2 |
| **ਗੁਰਮਤਿ ਸੰਗੀਤ ਵਿਚ ਰਾਗ ਬਸੰਤ - ਡਾ: ਗੁਰਨਾਮ ਸਿੰਘ** | 3 |
| **ਗੁਰਮਤਿ ਸੰਗੀਤ ਵਿਚ ਰਾਗੀ ਪਰੰਪਰਾ ਦਾ ਯੋਗਦਾਨ - ਡਾ: ਜਾਗੀਰ ਸਿੰਘ** | 6 |
| **ਤਾਲ ਅਤੇ ਰਸ - ਡਾ: ਜਬਰਜੰਗ ਸਿੰਘ** | 11 |
| **ਕੱਵਾਲੀ ਦੀ ਇਤਿਹਾਸਕ ਪਿੱਠ-ਭੂਮੀ ਅਤੇ ਵਿਕਾਸਕ੍ਰਮ - ਅਮਨਲਤਾ** | 13 |
| **ਸੁਰਲਿਪੀ - ਰਾਗ ਦੁਰਗਾ - ਸਰਦਾਰ ਗੁਰਬਖ਼ਸ਼ ਸਿੰਘ** | 19 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | ਟਾ-3 |
| **ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ** | ਟਾ-4 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਡਰਿ ਡਰਿ ਡਰਣਾ ਮਨ ਕਾ ਸੋਰ

ਇਸ ਵੇਲੇ ਮਨੁੱਖਤਾ ਇੱਕ ਡਰ ਵਿਚੋਂ ਲੰਘ ਰਹੀ ਹੈ। ਉਂਜ ਤਾਂ ਕਈ ਵਾਰੀ ਅਜੀਬ ਕਿਸਮ ਦੀਆਂ ਅਫਵਾਹਾਂ ਫੈਲਦੀਆਂ ਰਹਿੰਦੀਆਂ ਹਨ। ਧਾਰਮਿਕ ਗ੍ਰੰਥਾਂ ਵਿੱਚ ਆਏ ਪਰਲੋ, ਕਿਆਮਤ ਆਦਿ ਸ਼ਬਦਾਂ ਦਾ ਹਵਾਲਾ ਦੇ ਕੇ ਵੀ ਡਰ ਪੈਦਾ ਕੀਤਾ ਜਾਂਦਾ ਹੈ।ਕਈ ਫਿਲਮਾਂ ਵਿੱਚ ਪਾਣੀ, ਅੱਗ, ਕਿਸੇ ਗ੍ਰਹਿ ਦਾ ਧਰਤੀ ਤੇ ਡਿਗਣਾ, ਮਸ਼ੀਨਾਂ ਦਾ ਮਨੁੱਖਤਾ ਨੂੰ ਕਾਬੂ ਕਰਨਾ, ਖਾਸ ਤਰ੍ਹਾਂ ਦੇ ਕਿਟਾਣੂਆਂ ਰਾਹੀਂ ਮਨੁੱਖਤਾ ਨੂੰ ਖਤਰਾ ਆਦਿ ਬਾਰੇ ਵਰਣਨ ਕਰਦਿਆਂ ਮਨੁੱਖਤਾ ਨੂੰ ਡਰਾਇਆ ਤੇ ਜਾਗਰੂਕ ਕੀਤਾ ਜਾਂਦਾ ਹੈ।ਪਰ ਇਹ ਜੋ ਕੁਝ ਸਾਡੇ ਹੋਸ਼ ਹਵਾਸ ਵਿੱਚ ਵਾਪਰ ਰਿਹਾ ਹੈ ਜਾਂ ਪ੍ਰਚਾਰਿਆ ਜਾ ਰਿਹਾ ਹੈ ਸ਼ਾਇਦ ਇਹ ਬਹੁਤ ਜ਼ਿਆਦਾ ਹੈ। ਸਪਸ਼ਟ ਹੈ ਕਿ ਇਹਤਿਹਾਤ ਵਰਤਣੇ ਜ਼ਰੂਰੀ ਹਨ। ਪਰ ਇਹ ਖੌਫ ਸਾਡੇ ਮਨਾਂ ਅੰਦਰ ਘਰ ਨਾ ਕਰੇ ਇਸ ਲਈ ਗੁਰਬਾਣੀ ਨੂੰ ਪੜ੍ਹਨਾ ਚਾਹੀਦਾ ਹੈ ਤੇ ਡਰ ਦੀ ਪਛਾਣ ਕਰਨੀ ਚਾਹੀਦੀ ਹੈ।ਕੁਝ ਤੁਕਾਂ ਪੇਸ਼ ਹਨ। ਗੁਰਬਾਣੀ ਦੇ ਭਾਵ ਨੂੰ ਅਨੁਭਵ ਕਰਨ ਲਈ ਇਹਨਾਂ ਤੁਕਾਂ ਦਾ ਉਚਾਰਨ ਕਰਨਾਂ ਚਾਹੀਦਾ ਹੈ। ਇਹ ਯਾਤਰਾ ਤਾਂ ਪਾਠਕ ਜਾਂ ਸਰੋਤੇ ਨੇ ਆਪਣੀ ਸਮਝ ਅਤੇ ਲੋੜ ਅਨੁਸਾਰ ਆਪ ਕਰਨੀ ਹੁੰਦੀ ਹੈ।

ਗਉੜੀ ਮਹਲਾ ੧ ॥

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥<br>
ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥<br>
ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥<br>
ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥<br>
ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥<br>
ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥<br>
ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥<br>
ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥<br>
ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥ (141)<br>
ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥(154)<br>
ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥ ਡਰੁ ਚੂਕਾ ਦੇਖਿਆ ਭਰਪੂਰਿ ॥(186)<br>
ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥(291)<br>
ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥<br>
ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥(341)<br>
ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥(677)

ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥
ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥(840)

-- ਭੁੱਲ ਚੁੱਕ ਖਿਮਾ ਜੀ --



# ਗੁਰਮਤਿ ਸੰਗੀਤ ਵਿਚ ਰਾਗ ਬਸੰਤ

* ਡਾ. ਗੁਰਨਾਮ ਸਿੰਘ

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਹਰੇਕ ਗ੍ਰੰਥਕਾਰ ਨੇ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਇਹ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਅਧੀਨ ਅਨੰਦ ਤੇ ਖੇੜੇ ਦੀਆਂ ਬੰਦਿਸ਼ਾਂ ਗਾਈਆਂ ਜਾਂਦੀਆਂ ਹਨ ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਓਤਪਰੋਤ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਸ ਨੂੰ 25ਵੇਂ ਸਥਾਨ ਪੰਨਾ 1168 'ਤੇ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਪਉੜੀ ਗਾਇਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ। ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਬਸੰਤ ਰਾਗ ਸਬੰਧੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

-ਬਨਸਪਤਿ ਮਉਲੀ ਚੜਿਆ ਬਸੰਤੁ॥(...)

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1176

-ਮਾਹਾ ਮਾਹ ਮੁਮਾਰਖੀ ਚੜਿਆ ਬਸੰਤੁ॥(...)

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168

ਸਿੱਖ ਕੀਰਤਨ ਪਰੰਪਰਾ ਵਿਚ ਬਸੰਤ ਰੁੱਤ ਵਿਚ ਰਾਗ ਬਸੰਤ ਦੀ ਚੌਕੀ ਦਾ ਗਾਇਨ ਕਰਨ ਦੀ ਵਿਸ਼ੇਸ਼ ਮਰਿਆਦਾ ਹੈ। ਬਸੰਤ ਰੁੱਤ ਵਿਚ ਕੀਰਤਨ ਦੀ ਆਰੰਭਤਾ ਇਸੇ ਰਾਗ ਨਾਲ ਕੀਤੀ ਜਾਂਦੀ ਹੈ। ਕੀਰਤਨ ਦੀ ਸੰਪਨਤਾ ਬਸੰਤ ਦੀ ਪਉੜੀ ਲਗਾ ਕੇ ਕੀਤੀ ਜਾਂਦੀ ਹੈ। ਰੁੱਤਕਾਲੀਨ ਰਾਗ ਹੋਣ ਕਰਕੇ ਰਾਗ ਬਸੰਤ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘ ਮਹੀਨੇ ਤੋਂ ਹੋਲੇ ਮਹੱਲੇ ਦੇ ਤਿਉਹਾਰ ਤੱਕ ਗਾਇਨ ਕਰਨ ਦੀ ਰੀਤ ਹੈ। ਜਿਸ ਅਨੁਸਾਰ ਇਸ ਸਮੇਂ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ, ਉਸ ਵਿਚ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰਾਗ ਪ੍ਰਕਾਰਾਂ ਵਿਚ ਗਾਇਨ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਕੀਰਤਨ ਨੂੰ ਬਸੰਤ ਦੀ ਕੀਰਤਨ ਚੌਕੀ ਵੀ ਕਿਹਾ ਜਾਂਦਾ ਹੈ ਅਤੇ ਇਸ ਦੇ ਅੰਤ ਵਿਚ ਬਸੰਤ ਦੀ ਵਾਰ ਦੀਆਂ ਪਉੜੀਆਂ ਦਾ ਗਾਇਨ ਵੀ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਰਾਗ ਬਸੰਤ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਮਾਘੀ ਦੀ ਸੰਗਰਾਂਦ ਤੋਂ ਇਕ ਰਾਤ ਪਹਿਲਾਂ ਵਿਸ਼ੇਸ਼ ਅਰਦਾਸ ਕਰਕੇ ਕੀਤਾ ਜਾਂਦਾ ਹੈ। ਰਾਗ ਬਸੰਤ ਦੇ ਆਰੰਭ ਦੀ ਇਸ ਰੀਤ ਨੂੰ ਗੁਰਮਤਿ ਸੰਗੀਤ ਵਿਚ ਬਸੰਤ ਖੋਲਣਾ ਕਿਹਾ ਜਾਂਦਾ ਹੈ। ਰਾਗ ਬਸੰਤ ਦਾ ਸਮਾਪਨ ਹੌਲੇ ਮਹੱਲੇ ਦੇ ਤਿਉਹਾਰ 'ਤੇ ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿਸ ਵਿਚ ਹੋਲੇ ਮਹੱਲੇ ਤੋਂ ਇਕ ਰਾਤ ਪਹਿਲਾਂ ਬਸੰਤ ਰਾਗ 'ਤੇ ਅਧਾਰਿਤ ਇਕ ਵਿਸ਼ੇਸ਼ ਰਾਗ ਦਰਬਾਰ ਸੱਜਦਾ ਹੈ ਜਿਸ ਵਿਚ ਕੀਰਤਨੀਏ ਬਸੰਤ

ਅਤੇ ਹੋਲੀ ਨਾਲ ਸਬੰਧਤ ਕੀਰਤਨ ਕਰਦੇ ਹਨ ਅਤੇ ਅੰਤ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਸ਼ਸਤਰ ਮਾਲਾ ਵਿਚੋਂ ਕੀਤਾ ਜਾਂਦਾ ਹੈ। ਇਸ ਕੀਰਤਨ ਚੌਕੀ ਦਾ ਆਰੰਭ ਮਾਘ ਦੀ ਸੰਗਰਾਂਦ ਤੋਂ ਹੁੰਦਾ ਹੈ। ਜਿਨ੍ਹਾਂ ਮਹੀਨਿਆਂ ਵਿਚ ਬਸੰਤ ਰਾਗ ਦਾ ਗਾਇਨ ਹੁੰਦਾ ਹੈ ਉਸ ਸਮੇਂ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ।

ਬਸੰਤ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਸੱਤ ਅਸ਼ਟਪਦੀਆਂ; ਗੁਰੂ ਅਮਰਦਾਸ ਜੀ ਦੇ ਸਤਾਰਾਂ ਪਦੇ; ਗੁਰੂ ਰਾਮਦਾਸ ਜੀ ਦੋ ਪਦੇ; ਗੁਰੂ ਅਰਜਨ ਦੇਵ ਜੀ ਅਠਾਰਾਂ ਪਦੇ ਦੋ ਅਸ਼ਟਪਦੀਆਂ ਤੇ ਇਕ ਵਾਰ; ਭਗਤ ਕਬੀਰ ਜੀ ਦੇ ਸੱਤ; ਨਾਮਦੇਉ ਜੀ ਦੇ ਤਿੰਨ ਪਦੇ ਤੇ ਭਗਤ ਰਵੀਦਾਸ ਇਕ ਪਦਾ ਬਾਣੀ ਰੂਪ ਦਰਜ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ। ਗੁਰੁ ਗਿਰਾਰਥ ਕੋਸ਼ ਵਿਚ ਬਸੰਤ ਨੂੰ ਸਿਰੀ ਰਾਗ ਦੀ ਰਾਗਨੀ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤਕਾਰਾਂ ਵਿਚ ਇਸ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਕ ਮੱਤ ਅਨੁਸਾਰ ਇਹ ਮਾਰਵਾ ਥਾਟ ਦਾ ਸੰਪੂਰਨ ਰਾਗ ਹੈ। ਦੂਜੇ ਮੱਤ ਅਨੁਸਾਰ ਇਹ ਰਾਗ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਮੱਤ ਅਨੁਸਾਰ ਥਾਟ ਪੂਰਵੀ, ਕੇਵਲ ਤੀਵਰ ਮਧਿਅਮ, ਚੌਥੇ ਨੇ ਥਾਟ ਪੂਰਵੀ, ਦੋਵੇਂ ਮਾਧਿਅਮ ਆਦਿ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਕੋਮਲ ਗੰਧਾਰ ਅਤੇ ਥਾਟ ਤੋੜੀ ਮੰਨਦੇ ਹਨ। ਵਰਤਮਾਨ ਸਮੇਂ ਵਿਚ ਰਾਗ ਬਸੰਤ ਪੂਰਵੀ ਥਾਟ ਅਤੇ ਮਧਿਅਮ ਦੋਵੇਂ, ਜ਼ਿਆਦਾ ਪ੍ਰਚਾਰ ਵਿਚ ਹੈ।

ਕੁਝ ਸੰਗੀਤ ਵਿਦਵਾਨਾਂ ਇਸ ਰਾਗ ਨੂੰ ਪੁਰਾਤਨ ਬਸੰਤ ਰਾਗ ਜੋ ਕਿ ਬਿਲਾਵਲ ਥਾਟ ਦਾ ਰਾਗ ਹੈ, ਨੂੰ ਮਾਨਤਾ ਦਿੰਦੇ ਹਨ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਪੁਰਾਤਨ ਬਿਲਾਵਲ ਥਾਟ ਦੇ ਸਰੂਪ ਨੂੰ ਹੀ ਪ੍ਰਵਾਨਿਆ ਹੈ। ਰਾਗ ਬਸੰਤ ਦੇ ਕੁਝ ਪ੍ਰਕਾਰ ਨਿਮਨਲਿਖਤ ਹਨ:

1. ਕਲਿਆਣ-ਅੰਗ, ਵਾਦੀ : ਤਾਰ ਸ਼ੜਜ, ਸੰਵਾਦੀ : ਗੰਧਾਰ, ਸੁਰ : ਦੋਵੇਂ ਮਧਿਅਮ, ਰਿਸ਼ਭ ਦੁਰਬਲ, ਸਮਾਂ : ਬਸੰਤ ਰੁੱਤ।
2. ਥਾਟ : ਪੂਰਵੀ, ਜਾਤੀ : ਔੜਵ-ਸੰਪੂਰਨ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ, ਪੰਚਮ, ਵਾਦੀ-ਸੰਵਾਦੀ : ਤਾਰ, ਸ਼ੜਜ : ਪੰਚਮ, ਸਮਾਂ : ਅੱਧੀ ਰਾਤ ਤੋਂ ਬਾਅਦ।
3. ਥਾਟ : ਪੂਰਵੀ, ਜਾਤੀ : ਔੜਵ-ਵਕਰ ਸੰਪੂਰਨ, ਵਾਦੀ : ਤਾਰ ਸ਼ੜਜ, ਸੰਵਾਦੀ-ਪੰਚਮ, ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਵਰਜਿਤ ਸੁਰ : ਰਿਸ਼ਭ ਆਰੋਹ ਵਿਚ, ਸਮਾਂ : ਬਸੰਤ ਰੁੱਤ ਵਿਚ ਹਰ ਵੇਲੇ।
4. ਨਿਮਨਲਿਖਤ ਸਰੂਪ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਤੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਨ ਕੀਤਾ ਹੈ। ਬਸੰਤ ਰਾਗ ਦੇ ਇਸ ਰੂਪ ਵਿਚ ਸਾਰੇ ਸੁਰ ਸ਼ੁੱਧ ਹਨ। ਆਰੋਹ ਵਿਚ ਰਿਸ਼ਭ ਅਤੇ ਪੰਚਮ ਹੈ ਅਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਸ ਰਾਗ ਨੂੰ ਬਸੰਤ ਰੁੱਤ ਵਿਚ ਹਰ ਵੇਲੇ ਗਾਇਆ ਵਜਾਇਆ ਜਾ ਸਕਦਾ ਹੈ। ਇਸ ਦਾ ਵਾਦੀ ਸੁਰ ਤਾਰ ਸਪਤਕ ਦਾ ਸ਼ੜਜ ਅਤੇ ਸੰਵਾਦੀ ਮਧਿਅਮ ਹੈ। ਇਸ ਦਾ ਆਰੋਹ : ਸ਼ੜਜ ਗੰਧਾਰ ਮਧਿਅਮ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਪੰਨਾ 1171 'ਤੇ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਰਾਗਾਂ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਇਕ ਅਸ਼ਟਪਦੀ; ਗੁਰੂ ਅਮਰਦਾਸ ਜੀ ਦੇ ਚਾਰ ਇਕ ਪਦਾ; ਗੁਰੂ ਰਾਮਦਾਸ ਜੀ ਪੰਜ ਪਦੇ ਇਕ ਅਸ਼ਟਪਦੀ; ਗੁਰੂ ਅਰਜਨ ਦੇਵ ਜੀ ਤਿੰਨ ਪਦੇ; ਤੇਗ ਬਹਾਦਰ ਜੀ ਦੇ ਪੰਜ ਪਦੇ; ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦਾ ਇਕ ਪਦਾ ਬਾਣੀ ਰੂਪ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਹਿੰਡੋਲ ਘਰ 2 ਮਹਲਾ 5 ਅਤੇ ਬਸੰਤ ਮਹਲਾ 5 ਘਰ 2 ਹਿੰਡੋਲ ਆਦਿ ਸਿਰਲੇਖਾਂ ਅਧੀਨ ਇਸ ਰਾਗ ਨੂੰ ਅੰਕਿਤ ਕੀਤਾ ਗਿਆ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਰਾਗ ਬਸੰਤ ਅਤੇ ਰਾਗ ਹਿੰਡੋਲ ਦਾ ਵੱਖਰਾ-ਵੱਖਰਾ ਉਲੇਖ ਹੈ ਪਰੰਤੂ ਰਾਗ ਬਸੰਤ ਹਿੰਡੋਲ ਦੇ ਬਾਰੇ ਵਿਚ ਸੁਤੰਤਰ ਰੂਪ ਵਿਚ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਬਸੰਤ ਹਿੰਡੋਲ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਮਿਲਦਾ ਹੈ।

ਬਸੰਤ ਹਿੰਡੋਲ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਗੀਤ ਦੇ ਵਿਦਵਾਨਾਂ ਨੇ ਇਸ ਦੀ ਉਤਪਤੀ ਪੂਰਵੀ ਅਤੇ ਮਾਰਵਾ ਥਾਟ ਤੋਂ ਮੰਨੀ ਹੈ। ਉਨ੍ਹਾਂ ਅਨੁਸਾਰ ਬਸੰਤ ਹਿੰਡੋਲ ਦਾ

ਆਪਣਾ ਸੁਤੰਤਰ ਰੂਪ ਹੋਣ ਕਰਕੇ ਇਹ ਆਪਣੀ ਅਲੱਗ ਹੋਂਦ ਰੱਖਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਬਸੰਤ ਹਿੰਡੋਲ ਦੇ ਸਰੂਪ ਵਿਚ ਇਸ ਦੀ ਜਾਤੀ ਔੜਵ-ਸੰਪੂਰਨ ਪ੍ਰਵਾਨ ਕੀਤੀ ਹੈ। ਇਸ ਵਿਚ ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਧੈਵਤ ਦੋਵੇਂ ਵਰਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ-ਪੰਚਮ ਸੁਰ ਵਰਜਿਤ ਹਨ ਅਤੇ ਗਾਇਨ ਦਾ ਸਮਾਂ ਰਾਤ ਦਾ ਤੀਸਰਾ ਪਹਿਰ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਵਿਚ ਬਸੰਤ ਹਿੰਡੋਲ ਰਾਗ ਨੂੰ ਕਲਿਆਣ ਅੰਗ ਤੋਂ ਗਾਉਣ ਦੀ ਪ੍ਰਥਾ ਹੈ। ਇਸ ਵਿਚ ਰਾਗ ਦਾ ਵਾਦੀ ਸੁਰ ਸ਼ੜਜ ਸੰਵਾਦੀ ਗੰਧਾਰ ਅਤੇ ਗਾਇਨ ਸਮਾਂ ਬਸੰਤ ਰੁੱਤ ਦਾ ਮੰਨਿਆ ਜਾਂਦਾ ਹੈ। ਇਸ ਆਰੋਹ-ਅਵਰੋਹ ਵਿਚ 'ਰੇ' ਅਤੇ 'ਪ' ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਮੰਨੀ ਗਈ ਹੈ।

ਬਸੰਤ ਹਿੰਡੋਲ ਰਾਗ ਦਾ ਇਕ ਹੋਰ ਸਰੂਪ ਮਾਰਵਾ ਥਾਟ ਮਿਲਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਤੇ ਨਿਸ਼ਾਦ ਅਤੇ ਅਵਰੋਹ ਵਿਚ ਪੰਚਮ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾੜਵ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਧੈਵਤ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਅਨੁਸਾਰ ਇਸ ਰਾਗ ਵਿਚ ਦੋਵੇਂ ਮਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਸ ਦੀ ਜਾਤੀ ਵਕਰ ਸ਼ਾੜਵ-ਔੜਵ ਮੰਨੀ ਜਾਂਦੀ ਹੈ। ਇਸ ਰਾਗ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਸਵੇਰ ਦਾ ਮੰਨਿਆ ਗਿਆ ਹੈ ਪਰੰਤੂ ਵਰਖਾ ਰੁੱਤ ਵਿਚ ਹਰ ਸਮੇਂ ਗਾਇਨ ਕਰਨ ਦਾ ਪ੍ਰਚਲਨ ਹੈ।

ਉਕਤ ਰਾਗਾਂ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ *ਗੰਧਰਵ*, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ-ਆਪਣੇ ਅੰਦਾਜ਼ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਅਤੇ www.jawadditaksal.org ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਸੰਤ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

* ਫ਼ਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**Form IVStatement of Ownership (See Rule 9)**

Place : 422, Sector 15-A, Chandigarh
Periodicity of Publication : Monthly
Editor, Printer & Publisher's Name : Dr. Jagir Singh
Nationality : Indian
Owner of Newspaper : President, Amrit Kirtan Trust
I, Dr. Jagir Singh, hereby declare that the particulars given above are true to the best of my knowledge and belief.

Date: March 31, 2020 Sd/-
Dr. Jagir Singh, Publisher

# ਗੁਰਮਤਿ ਸੰਗੀਤ ਵਿੱਚ ਰਾਗੀ ਪਰੰਪਰਾ ਦਾ ਯੋਗਦਾਨ

**ਡਾ: ਜਾਗੀਰ ਸਿੰਘ**

ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰਨ ਲਈ ਜਿਥੇ ਰਬਾਬੀ ਕੀਰਤਨਕਾਰਾਂ ਨੇ ਯੋਗ ਦਾਨ ਪਾਇਆ ਉੱਥੇ ਸਿੱਖ ਕੀਰਤਨੀਆਂ ਦਾ ਵੀ ਵੱਡਾ ਯੋਗਦਾਨ ਹੈ।

ਗੁਰੂ ਘਰ ਵਿੱਚ ਕੀਰਤਨ ਕਰਨ ਵਾਲਿਆਂ ਲਈ ਰਬਾਬੀ ਭਾਈ ਮਰਦਾਨਾ ਦੇ ਵੰਸਜਾਂ ਲਈ ਹੀ ਵਰਤੀਂਦਾ ਜਾਪਦਾ ਹੈ। ਪਹਿਲਾਂ ਕੇਵਲ ਰਬਾਬੀ ਹੀ ਗੁਰੂ ਦਰਬਾਰ ਵਿੱਚ ਕੀਰਤਨ ਕਰਦੇ ਸਨ ਕੀਰਤਨ ਭਗਤੀ ਦਾ ਇੱਕ ਮੁੱਖ ਅੰਗ ਰਿਹਾ ਹੈ। ਇਸ ਲਈ ਕੁਝ ਸਿੱਖ ਵੀ ਕੀਰਤਨ ਕਰਦੇ ਸਨ। ਪਰ ਆਮ ਤੌਰ ਤੇ ਉਹ ਕੀਰਤਨ ਨੂੰ ਕਿੱਤੇ ਦੇ ਰੂਪ ਵਿੱਚ ਨਹੀਂ ਅਪਨਾਉਂਦੇ ਸਨ। ਉਸ ਸਮੇਂ ਦੇ ਸਿੱਖ ਕੀਰਤਨੀਏ ਭਾਈ ਝਾਜੂ ਮੁਕੰਦ ਅਤੇ ਕਿਦਾਰਾ ਸਬੰਧੀ ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਦੀ ਅਠਾਰਵੀਂ ਪਉੜੀ ਵਿੱਚ ਜਿਕਰ ਕੀਤਾ ਹੈ

**ਝਾਝੂ ਅਤੇ ਮੁਕੰਦ ਹੈ ਕੀਰਤਨ ਕਰੇ ਹਜੂਰ ਕਿਦਾਰਾ।।**
**ਸਾਧ ਸੰਗਤ ਪਰਗਟੁ ਪਹਾਰਾ।।**

ਭਗਤ ਰਤਨਾਵਲੀ ਵਿੱਚ ਇਸ ਪਉੜੀ ਦੀ ਵਿਆਖਿਆ ਕਰਦਿਆਂ ਲਿਖਿਆ ਹੈ

**ਝਾਜੁ ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜੂਰ ਆਏ। ਗਰੀਬ ਨਿਵਾਜ ਸਾਡਾ ਉਧਾਰ ਕਿਉਂ ਕਰ ਹੋਵੇਗਾ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਤੁਸੀਂ ਕੀਰਤਨ ਕੀਤਾ ਕਰੋ। ਤਾਂ ਉਹ ਸਦਾ ਨਿਹਕਾਮ ਹੋ ਕੇ ਹਜੂਰ ਕੀਰਤਨ ਕੀਤਾ ਕਰਨ। ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸ਼ਰਧਾ ਸੰਜੁਕਤ ਸੇਵਾ ਕਰੇ ਉਸੇ ਥੀਂ ਗੁਜ਼ਾਰਾ ਕਰਨ।**

ਗੁਰੂ ਸਾਹਿਬ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਗੁਰੂ ਘਰ ਵਿੱਚ ਕੀਰਤਨ ਕਰਨ ਲਈ ਸ਼ਰਧਾ ਬਹੁਤ ਜ਼ਰੂਰੀ ਹੈ। ਕੁਝ ਰਬਾਬੀ ਕੀਰਤਨੀਏ ਜਿਹਨਾਂ ਦਾ ਕਿੱਤਾ ਹੀ ਗੁਰਬਾਣੀ ਦਾ ਗਾਇਨ ਕਰਨਾ ਸੀ। ਇਹ ਕੀਰਤਨ ਦੀ ਨਿਸਚਿਤ ਭੇਟਾ ਦੀ ਮੰਗ ਕਰਨ ਲੱਗ ਪਏ। ਜਦੋਂ ਗੁਰੂ ਸਾਹਿਬ ਨੇ ਰਬਾਬੀਆਂ ਵਿੱਚ ਸ਼ਰਧਾ ਦੀ ਅਣਹੋਂਦ ਵੇਖੀ ਤਾਂ ਗੁਰੂ ਸਾਹਿਬ ਨੇ ਸਾਧਾਰਾਨ ਸਿੱਖਾਂ ਨੂੰ ਖੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ।

ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਵਿੱਚ ਲਿਖਦੇ ਹਨ

**ਸਭਿ ਸੰਗਤ ਇਕਠੀ ਦਈ ਦੀਵਾਨ ਲਗਾਏ।।**
**ਸਿਖਨ ਕੋ ਆਇਸੁ ਕਈ ਤੁਮ ਰਾਗ ਸੁਨਾਵਹੁ।।**
**ਗਹਯੋ ਦੁਤਾਰਾ ਸਿਖ ਕਿਹ ਕਿਨ ਗਹੀ ਰਬਾਬੰ।।**
**ਹੋਇ ਨਿਸ਼ੰਕ ਗਾਵਨਿ ਲਗੇ ਸਬ ਭਏ ਅਜਾਬੰ।।**
**ਬਚਨ ਮਾਨਿਬੇ ਗੁਰ ਕੋ ਬਿਦਿਆ ਸਭਿ ਪਾਈ।।**
**ਜਾਨਤ ਅੁਤੇ ਨ ਰਾਗ ਕੋ ਗਾਵਤਿ ਬਿਸਮਾਈ।।**
**ਸੁਨ ਸਿੱਖਨ ਕੇ ਰਾਗ ਕੋ ਗੁਰ ਭਏ ਪ੍ਰਸੰਨਾ।।**
**ਬਰ ਦੀਨੋ ਤੁਮ ਪ੍ਰੇਮ ਜੁਤਿ ਹਮਰੋ ਬਚ ਮੰਨਾ।।**
**ਅਬਿ ਤੇ ਬਿਦਿਆ ਰਾਗ ਕੀ ਸਿਖਨ ਮਹਿ ਆਈ।।**
**ਗਾਵਹਿੰ ਸੁਨਿਹਿੰ ਸੁ ਪ੍ਰੀਤ ਧਰਿ ਲੇਂ ਸੁਭ ਗਤਿ ਪਾਈ।।**

ਸਮਾਂ ਪਾ ਕੇ ਰਬਾਬੀ ਕੀਰਤਨੀਆਂ ਦੇ ਨਾਲ ਅਨੇਕਾਂ ਸਿੱਖ ਕੀਰਤਨੀਏ ਵੀ ਕੀਰਤਨ ਕਰਦੇ ਰਹੇ। ਇਹਨਾਂ ਕੀਰਤਨੀਆਂ ਦੀ ਕੀਰਤਨ ਸ਼ੈਲੀ ਰਬਾਬੀ ਕੀਰਤਨੀਆਂ ਕੁਝ ਭਿੰਨ ਸੀ। ਜਿਥੇ ਰਬਾਬੀ ਕੀਰਤਨੀਏ ਲੋਕ ਸੰਗੀਤ ਅਤੇ ਕਵਾਲੀ ਨੁਮਾ ਸ਼ੈਲੀ ਵਿੱਚ ਕੀਰਤਨ ਕਰਦੇ ਸਨ। ਉੱਥੇ ਸਿੱਖ ਕੀਰਤਨੀਏ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਿਰਦੇਸ਼ਾਂ ਦੀ ਪਾਲਣਾ ਵੱਲ ਵਧੇਰੇ ਧਿਆਨ ਦਿੰਦੇ ਸਨ। ਰਬਾਬੀ ਕੀਰਤਨੀਏ ਕੀਰਤਨ ਦੇ ਕਿਰਿਆਤਮਕ ਪੱਖ ਵਿੱਚ ਮਾਹਿਰ ਸਨ। ਇਹਨਾਂ ਦੀ ਰੋਟੀ ਰੋਜੀ ਵੀ ਕੀਰਤਨ ਨਾਲ ਹੀ ਚਲਦੀ ਇਸ ਕਰਕੇ ਇਹਨਾਂ ਦਾ ਮੁੱਖ ਧਿਆਨ ਆਮ ਸਰੋਤਿਆਂ ਦੇ

ਮਨੋਰੰਜਨ ਵੱਲ ਵਧੇਰੇ ਹੁੰਦਾ ਸੀ। ਪਰ ਸਿੱਖ ਕੀਰਤਨੀਏ ਨਿਸ਼ਕਾਮ ਸ਼ਰਧਾ ਨਾਲ ਗੁਰੂ ਸਾਹਿਬ ਦੇ ਨਿਰਦੇਸ਼ਾਂ ਵੱਲ ਵਧੇਰੇ ਧਿਆਨ ਦਿੰਦੇ ਸਨ। ਰਬਾਬੀ ਅਤੇ ਸਿੱਖ ਕੀਰਤਨੀਆਂ ਨਾਲ ਸਬੰਧਤ ਕਥਾਵਾਂ ਇਸ ਗੱਲ ਨੂੰ ਵਧੇਰੇ ਉਜਾਗਰ ਕਰਦੀਆਂ ਹਨ। ਰਬਾਬੀ ਬਲਵੰਡ ਦਾ ਗੁਰੂ ਦੀ ਗੋਲਕ ਵਿੱਚੋਂ ਅੱਧਾ ਹਿੱਸਾ ਮੰਗਣਾ, ਉਸ ਦਾ ਬਾਬਾ ਬੁੱਢਾ ਜੀ ਨੂੰ ਕੀਰਤਨ ਸੁਣਾਉਣ ਤੋਂ ਇਨਕਾਰ ਕਰਨਾ ਅਤੇ ਫਿਰ ਆਪਣੀ ਬੇਟੀ ਵਿਆਹ ਸਮੇਂ ਨਿਸਚਿਤ ਭੇਟਾ ਦੀ ਮੰਗ ਕਰਨੀ। ਗੁਰੂ ਸਾਹਿਬਾਨ ਦਾ ਇਹਨਾਂ ਬਾਰੇ ਰੱਵਈਆ। ਗੁਰੂ ਘਰ ਵਿੱਚ ਕੀਰਤਨ ਮਰਯਾਦਾ ਦੀ ਸਿਰਜਣਾ ਦੀਆਂ ਉਦਾਹਰਨਾਂ ਹਨ। ਰਬਾਬੀਆਂ ਦਾ ਮੁੜ ਗੁਰੂ ਦੀ ਸ਼ਰਨ ਵਿੱਚ ਆਉਣਾ ਅਤੇ ਉਹਨਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇਣਾ ਗੁਰੂ ਦੇ ਕੀਰਤਨੀਆਂ ਦੇ ਸਤਿਕਾਰ ਦੀ ਉੱਤਮ ਉਦਾਹਰਨ ਹੈ।

ਸਿੱਖ ਕੀਰਤਨੀਏ ਕੀਰਤਨ ਦੀ ਮਹੱਤਤਾ ਸਮਝਣ ਵੱਲ ਵਧੇਰੇ ਧਿਆਨ ਦਿੰਦੇ ਸਨ। ਜਿਵੇਂ ਭਗਤ ਰਤਨਾਵਲੀ ਦੀ ਇੱਕ ਸਾਖੀ ਵਿੱਚ ਜਿਕਰ ਆਉਂਦਾ ਹੈ

**ਝਾਜੂ ਮੁਕੰਦ ਅਤੇ ਉਹਨਾਂ ਦੇ ਸਾਥੀਆਂ ਨੇ ਅਰਦਾਸ ਕੀਤੀ, ਜੀ ਬਾਣੀ ਦੇ ਪਾਠ ਦਾ ਕਥਾ ਅਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ**

**ਬਚਨ ਹੋਆ ਬਾਣੀ ਦਾ ਪਾਠੁ ਇਹੁ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬ ਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੇ ਖੂਹ ਦੀ ਪੈਲੀ ਨਜਦੀਕ ਹੋਵੇ ਤਾਂ ਉਸਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।**

ਫਿਰ ਕਥਾ ਅਤੇ ਕੀਰਤਨ ਦਾ ਅੰਤਰ ਸਮਝਾਇਆ ਗਿਆ ਹੈ

**ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ। ਤੇ ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਭਿੰਮ ਭਿੰਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆਂ ਹੋਵਨ ਜੋ ਜੋ ਬੂੰਦ ਪਵੇ ਵਿੱਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਸਮਝਵਾਨ ਸਿੱਖ ਹੁੰਦੇ ਹੈਨ, ਜੋ ਜੋ ਕਥਾ ਕੀਰਤਨ ਕਰਦੇ ਹੈਨ ਤੇ ਵਿਚਾਰਦੇ ਹੈਨ ਤੇ ਵਾਰਤਾ ਸੁਣਦੇ ਹਨ ਸੋ ਸੋ ਰਿਦੈ ਵਿੱਚ ਧਾਰਦੇ ਜਾਂਦੇ ਹਨ, ਉਹਨਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਕਥਾ ਤੇ ਕੀਰਤਨ ਦੋਵੇਂ ਮਿਲੇ ਸੋਭਾ ਪਾਂਵਦੇ ਹਨ।**

ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਰਬਾਬੀਆਂ ਗੁਰੂ ਘਰ ਵਿੱਚ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂ ਜੀ ਨੇ ਰਬਾਬੀਆਂ ਰਾਹੀਂ ਵਜਾਏ ਜਾਣ ਵਾਲੇ ਸਾਜ਼ਾਂ ਨੂੰ ਵੀ ਗੁਰ ਦਰਬਾਰ ਵਿੱਚ ਵਜਾਉਣਾ ਵਰਜਿਤ ਕਰ ਦਿੱਤਾ। ਹੁਣ ਸਾਰੰਗੀ ਦੀ ਥਾਂ ਸਰੰਦਾ ਅਤੇ ਮਿਰਦੰਗ ਦੀ ਥਾਂ ਜੋੜੀ ਦਾ ਵਾਦਨ ਹੋਣ ਲੱਗ ਪਿਆ। ਸਿੱਖ ਇਤਿਹਾਸ ਵਿੱਚ ਰਬਾਬੀ ਅਤੇ ਕੀਰਤਨੀਆਂ ਦੇ ਹਵਾਲੇ ਪ੍ਰਾਪਤ ਹੁੰਦੇ ਹਨ- ਜਿਵੇਂ ਭਾਈ ਮਰਦਾਨਾ, ਸੱਤਾ ਬਲਵੰਡ ਤੋਂ ਇਲਾਵਾ ਭਾਈ ਸਜਾਦਾ, ਭਾਈ ਰਜਾਦਾ, ਭਾਈ ਝਾਜੂ, ਭਾਈ ਮੁਕੰਦਾ, ਭਾਈ ਕਿਦਾਰਾ, ਭਾਈ ਬਾਬਕ, ਭਾਈ ਨੱਥਾ ਅਤੇ ਭਾਈ ਅਬਦੁੱਲਾ, ਭਾਈ ਸੱਦੂ ਭਾਈ ਮੱਦੂ ਆਦਿ।

ਗੁਰੂ ਹਰਿਗੋਬਿੰਦ ਜੀ ਦੇ ਕੀਰਤ ਪੁਰ ਸਾਹਿਬ ਚਲੇ ਜਾਣ ਤੋਂ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਪ੍ਰਿਥੀਚੰਦ ਦੀ ਔਲਾਦ ਕੋਲ ਆ ਗਿਆ ਉਸ ਵੇਲੇ ਦੇ ਕੀਰਤਨਕਾਰਾਂ ਬਾਰੇ ਇਤਿਹਾਸ ਚੁੱਪ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਬਹਾਦਰ ਦੇ ਸਮੇਂ ਮਾਤਾ ਸੁੰਦਰੀ ਜੀ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਭਾਈ ਮਨੀ ਸਿੰਘ ਜੀ ਨੂੰ ਭੇਜਿਆ। ਉਹਨਾਂ ਨੇ ਮੁੜ ਗੁਰ ਮਰਯਾਦਾ ਸਥਾਪਤ ਕੀਤੀ। ਉਹਨਾਂ ਦੇ ਨਾਲ ਜੱਸਾ ਸਿੰਘ ਆਹਲੂਵਾਲੀਆ ਵੀ ਆਏ ਸਨ ਜਿਹੜੇ ਖੁਦ ਕੀਰਤਨ ਕਰਦੇ ਸਨ। ਸਿੱਖ ਮਿਸਲਾਂ ਦੇ ਸਮੇਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਵੱਖ ਵੱਖ ਬੁੰਗਿਆਂ ਦੀ ਉਸਾਰੀ ਹੋਈ। ਇਸ ਸਮੇਂ ਕੁਝ ਕੀਰਤਨਕਾਰਾਂ ਦੇ ਨਾਮ ਪ੍ਰਾਪਤ ਹੁੰਦੇ ਹਨ ਜਿਵੇਂ ਰਾਗੀ ਕਾਹਨ ਸਿੰਘ, ਰਾਗੀ ਚੜ੍ਹਤ ਸਿੰਘ, ਰਾਗੀ ਧਨਪਤ ਸਿੰਘ, ਰਾਗੀ ਅਮਰ ਸਿੰਘ ਆਦਿ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਹਰਿਮੰਦਰ ਸਾਹਿਬ ਵਿਖੇ ਜਿਥੇ ਮੁਸਲਮਾਨ ਰਬਾਬੀ ਕੀਰਤਨ ਕਰਦੇ ਸਨ ਉਥੇ ਸਿੱਖ ਰਾਗੀ ਵੀ ਕੀਰਤਨ ਕਰਦੇ ਸਨ ।

**ਭਾਈ ਮਨਸਾ ਸਿੰਘ** –ਇਸ ਸਮੇਂ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਮਨਸਾ ਸਿੰਘ ਦਾ ਜ਼ਿਕਰ ਆਉਂਦਾ ਹੈ ਜਿਹੜੇ ਗੁਰੂ ਘਰ ਵਿੱਚ ਕੀਰਤਨ ਕਰਨ ਦੇ ਨਾਲ ਆਪਣਾ ਨਿਜੀ ਜੀਵਨ ਗੁਰਬਾਣੀ ਦਰਸਾਏ ਕੀਰਤਨੀਏ ਵਾਂਗ ਜੀਉਂਦੇ ਸਨ। ਗੁਰਬਾਣੀ ਦਾ ਫੁਰਮਾਨ ਹੈ

**ਭਲੋ ਭਲੋ ਰੇ ਕੀਰਤਨੀਆ ਰਾਮ ਰਮਾ ਰਾਮਾ ਗੁਨ ਗਾਉ।।**
**ਛੋਡਿ ਮਾਇਆ ਕੇ ਧੰਧ ਸੁਆਉ।।** (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 885)

ਇਤਿਹਾਸ ਵਿੱਚ ਵਰਣਨ ਮਿਲਦਾ ਹੈ ਕਿ ਆਪ ਦੀ ਕਮਜ਼ੋਰ ਮਾਇਕ ਹਾਲਤ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਆਪਨੂੰ ਧਨ ਦੇਣ ਦੀ ਕੋਸ਼ਿਸ਼ ਕੀਤੀ ਪਰ ਆਪ ਨੇ ਇਨਕਾਰ ਕਰ ਦਿੱਤਾ। ਇਸ ਸਮੇਂ ਕੁਝ ਹੋਰ ਰਾਗੀਆਂ ਦਾ ਵੇਰਵਾ ਵੀ ਮਿਲਦਾ ਹੈ।

**ਬਾਬਾ ਸ਼ਾਮ ਸਿੰਘ** ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਇੱਕ ਹੋਰ ਪ੍ਰਸਿੱਧ ਰਾਗੀ ਦਾ ਨਾਮ ਵਰਣਨਯੋਗ ਹੈ। ਇਹਨਾਂ ਬਾਬਾ ਸ਼ਾਮ ਸਿੰਘ ਕਿਹਾ ਜਾਂਦਾ ਸੀ। ਬਾਬਾ ਸ਼ਾਮ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਦੇ ਤੀਸਰੇ ਪਹਿਰ ਕਿਵਾੜ ਖੁਲ੍ਹਣ ਤੋਂ ਪਹਿਲਾਂ ਸਰੰਦੇ ਨਾਲ ਕੀਰਤਨ ਕਰਦੇ ਸਨ। ਆਪ ਨੇ ਇਹ ਸੇਵਾ ਲਗਭਗ ਸੱਤਰ ਸਾਲ ਕੀਤੀ। ਇਹਨਾਂ ਦਾ ਸਰੰਦਾ ਅਜੇ ਵੀ ਸਿੱਖ ਅਜਾਇਬ ਘਰ ਵਿੱਚ ਸੁਭਾਇਮਾਨ ਹੈ।

ਗਿਆਨੀ ਗਿਆਨ ਸਿੰਘ ਅਨੁਸਾਰ੍ ਰਾਗੀਆਂ ਵਿੱਚੋਂ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਆਸਾ ਦੀ ਵਾਰ ਦੀ ਚੌਕੀ ਕਰਦਾ ਰਿਹਾ, ਜਿਸ ਨੇ ਸੰਤਾਨ ਨਾ ਹੋਣ ਕਰਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਾਰੇ ਸਿੱਖਾਂ ਵੱਲੋਂ ਸਿਰੋਪਾ ਮਿਲਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਾਗੀਰ ਭੇਟ ਕੀਤੀ। ਉਸ ਦੀ ਸੰਤਾਨ ਕਾਫੀ ਸਮਾਂ ਦਰਬਾਰ ਸਾਹਿਬ ਕੀਰਤਨ ਕਰਦੀ ਰਹੀ ਹੈ। ਗਿਆਨੀ ਗਿਆਨ ਸਿੰਘ ਜੀ ਨੇ ਕੁਝ ਰਾਗੀ ਜਥਿਆਂ ਦੇ ਨਾਵਾਂ ਦੀ ਸੂਚੀ ਵੀ ਦਿੱਤੀ ਹੈ

1-ਭਾਈ ਚੇਤ ਸਿੰਘ, ਹਜਾਰਾ ਸਿੰਘ
2-ਭਾਈ ਮਿਸਰਾ ਸਿੰਘ, ਕਪੂਰ ਸਿੰਘ
3-ਭਾਈ ਪੈੜਾ ਸਿੰਘ, ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ
4-ਭਾਈ ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ
5-ਭਾਈ ਗੰਡਾ ਸਿੰਘ, ਜਮੀਤ ਸਿੰਘ, ਮੰਗਲ ਸਿੰਘ
6-ਭਾਈ ਆਨੰਦ ਮਾਨ ਸਿੰਘ, ਅਮੀਰ ਸਿੰਘ, ਬੇਰੀ ਆਦਿ
7-ਭਾਈ ਬਿਸ਼ਨ ਸਿੰਘ ਬੁਧ ਸਿੰਘ ਆਦਿ
8-ਭਾਈ ਮੰਗਲ ਸਿੰਘ, ਰਾਮ ਸਿੰਘ ਰਾਗੀ ਆਦਿ

ਸੰਗੀਤ ਕਲਾ ਰਬਾਬੀਆਂ ਦੀ ਖਾਨਦਾਨੀ ਕਲਾ ਸੀ ਇਸ ਕਰਕੇ ਉਹ ਇਸ ਵਿੱਚ ਮਾਹਿਰ ਸਨ। ਪਰ ਸਮਾਂ ਪਾ ਕੇ ਸਿਖਾਂ ਵਿੱਚ ਵੀ ਇਸ ਕਲਾ ਵਿਚ ਮੁਹਾਰਤ ਰੱਖਣ ਵਾਲੇ ਸੰਗੀਤਕਾਰ ਬਣ ਗਏ ਸਨ। ਇਹਨਾਂ ਰਾਗੀਆਂ ਵਿੱਚੋਂ ਕਈ ਰਾਗੀ ਬਹੁਤ ਵਿਦਵਾਨ ਹੋਏ ਹਨ ਜਿਵੇਂ ਭਾਈ ਮਿਸਰਾ ਸਿੰਘ ਇਤਨੇ ਵਿਦਵਾਨ ਸਨ ਕਿ ਮਹੰਤ ਗੱਜਾ ਸਿੰਘ ਰਾਹੀਂ ਇਹਨਾਂ ਦੀ ਸਿਫਤ ਸੁਣ ਕੇ ਮਹਾਰਾਜਾ ਭੁਪਿੰਦਰ ਸਿੰਘ ਨੇ ਇਹਨਾਂ ਪਾਸੋਂ ਸੰਗੀਤ ਸ਼ਾਸਤਰ ਲਿਖਵਾਉਣ ਲਈ ਕੁਝ ਚਿਰ ਲਈ ਆਪਣੇ ਦਰਬਾਰ ਵਿੱਚ ਨਿਯੁਕਤ ਕੀਤਾ ਸੀ।

ਅੰਗਰੇਜ਼ ਕਾਲ ਵਿੱਚ ਸਿੱਖ ਧਾਰਮਿਕ ਸਥਾਨਾਂ ਦਾ ਪ੍ਰਬੰਧ ਆਮ ਤੌਰ ਤੇ ਮਹੰਤਾ ਕੋਲ ਸੀ। ਇਸ ਸਮੇਂ ਵੀ ਰਾਗੀ ਅਤੇ ਰਬਾਬੀ ਇਹਨਾਂ ਸਥਾਨਾਂ ਤੇ ਕੀਰਤਨ ਕਰਦੇ ਸਨ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਕਈ ਮੁਸਲਮਾਨ ਰਬਾਬੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਉਹ ਪੂਰੀ ਸ਼ਰਧਾ ਨਾਲ ਗੁਰਮਤਿ ਸੰਗੀਤ ਵਿੱਚ ਯੋਗਦਾਨ ਦਿੰਦੇ ਰਹੇ । ਅਜਿਹੇ ਕੀਰਤਨੀਆਂ ਵਿੱਚੋਂ ਭਾਈ ਰਣਜੋਧ ਸਿੰਘ ਜੋ ਕੀਰਤਨੀਏ ਭਾਈ ਜਸਵੰਤ ਸਿੰਘ ਅਤੇ ਭਾਈ ਪਾਲ ਸਿੰਘ, (ਭਾਈ ਜੱਸਾ ਪਾਲਾ) ਦੇ ਪਿਤਾ ਸਨ, ਭਾਈ ਤਾਨਾਂ ਸਿੰਘ, ਭਾਈ ਮਿਹਰ ਸਿੰਘ ਤਾਨ, ਭਾਈ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ, ਭਾਈ ਧਰਮ ਸਿੰਘ, ਭਾਈ ਸ਼ਮਸ਼ੇਰ ਸਿੰਘ ਜ਼ਖਮੀ ਆਦਿ ਵਰਣਨ ਯੋਗ ਹਨ। ਇਹਨਾਂ ਕੀਰਤਨੀਆਂ ਨੇ ਆਪਣੇ ਬੱਚਿਆਂ ਨੂੰ ਵੀ ਕੀਰਤਨ ਦੀ ਤਾਲੀਮ ਦਿੱਤੀ ਅਤੇ ਸਿੱਖੀ ਸਰੂਪ ਵਿੱਚ ਕੀਰਤਨ ਕਰਨ ਲਈ ਪ੍ਰੇਰਿਆ। ਇਹਨਾਂ ਦੀ ਔਲਾਦ ਹੁਣ ਵੀ ਕੀਰਤਨ ਕਰ ਰਹੀ ਹੈ। ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਸੰਨ 1900 ਵਿੱਚ ਛਪੀ ਡਾਇਰੈਟਰੀ ਦੇ ਹਵਾਲੇ ਨਾਲ ਪ੍ਰੋ ਪਿਆਰਾ ਸਿੰਘ ਪਦਮ ਨੇ ਅੰਮ੍ਰਿਤ ਕੀਰਤਨ ਮੈਗਜ਼ੀਨ ਵਿੱਚ ਸੌ ਸਾਲ ਪੁਰਾਣੇ ਰਬਾਬੀਆਂ ਅਤੇ ਢਾਡੀਆਂ ਦੀ ਸੂਚੀ ਦੇਣ ਦੇ ਨਾਲ ਨਾਲ ਰਾਗੀਆਂ ਦੀ ਸੂਚੀ ਵੀ ਦਿੱਤੀ ਹੈ। ਇਸ ਸੂਚੀ ਵਿੱਚ ਦਰਜ ਕੁਝ ਨਾਮ ਇਸ ਪ੍ਰਕਾਰ ਹਨ੍

ਭਾਈ ਗੰਗਾ ਸਿੰਘ, ਭਾਈ ਹਰੀ ਸਿੰਘ, ਭਾਈ ਭਾਗ ਸਿੰਘ, ਭਾਈ ਪਰਤਾਪ ਸਿੰਘ , ਭਾਈ ਪਰਾਗ ਸਿੰਘ, ਭਾਈ ਸੰਪੂਰਨ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕੇਸਰ ਸਿੰਘ, ਭਾਈ ਗੰਡਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਮੂਲ ਸਿੰਘ, ਭਾਈ ਠਾਕੁਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰਪਤ ਸਿੰਘ, ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ, ਭਾਈ ਸਾਧੂ ਸਿੰਘ, ਭਾਈ ਗੁਲਾਬ ਸਿੰਘ, ਭਾਈ ਚੜ੍ਹਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਹਰਿਨਾਮ ਸਿੰਘ, ਭਾਈ ਬਿਹਾਲ ਸਿੰਘ, ਭਾਈ ਨਰੈਣ ਸਿੰਘ, ਭਾਈ ਹਰੀ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਮੀਰ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਫਤੇ ਸਿੰਘ, ਭਾਈ ਖਜਾਨ ਸਿੰਘ, ਭਾਈ ਨਿਹਾਰ ਸਿੰਘ, ਭਾਈ ਹਜਾਰਾ ਸਿੰਘ ਆਦਿ।

ਸਿੱਖ ਕੀਰਤਨੀਆਂ ਵਿੱਚੋਂ ਕੁਝ ਕੀਰਤਨੀਏ ਗੁਰਮਤਿ ਸੰਗੀਤ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰਖਦੇ ਹਨ। ਇਹਨਾਂ ਨੇ ਆਪਣੇ ਕੀਰਤਨ ਨਾਲ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ।

**ਭਾਈ ਸੁੰਦਰ ਸਿੰਘ**- ਆਪ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਸਨ। ਆਪ ਦਾ ਕੀਰਤਨ ਇਤਨਾ ਪ੍ਰਭਾਵਸ਼ਾਲੀ ਕਿ ਇਸ ਨੂੰ ਬੰਗਾਲ ਦੇ ਮਹਾਂਕਵੀ ਰਵਿੰਦਰ ਨਾਥ ਠਾਕੁਰ ਨੇ ਆਪ ਨੂੰ ਕਲਕਤੇ ਲੈ ਜਾਣ ਦੀ ਇੱਛਾ ਪ੍ਰਗਟਾਈ ਸੀ।

**ਮਹੰਤ ਗੱਜਾ ਸਿੰਘ**–ਮਹੰਤ ਗੱਜਾ ਸਿੰਘ ਸੰਗੀਤ ਕਲਾ ਵਿੱਚ ਨਿਪੁਣ ਸਨ। ਆਪ ਸਰੰਦਾ ਵਜਾਉਣ ਵਿੱਚ ਮਾਹਿਰ ਸਨ। ਆਪ ਮਹਾਰਾਜਾ ਪਟਿਆਲਾ ਦੇ ਦਰਬਾਰੀ ਕੀਰਤਨੀਏ ਵੀ ਰਹੇ। ਆਪ ਨੇ
ਭਾਈ ਕਾਹਨ ਸਿੰਘ ਨਾਭਾ ਨੂੰ ਸੰਗੀਤ ਸਿੱਖਿਆ ਦਿੱਤੀ ਅਤੇ ਮਹਾਨ ਕੋਸ਼ ਵਿੱਚ ਗੁਰਮਤਿ ਸੰਗੀਤ ਸਬੰਧੀ ਐਂਟਰੀਆਂ ਲਿਖਣ ਵਿੱਚ ਸਹਿਯੋਗ ਦਿੱਤਾ। ਇਸ ਕਾਰਨ ਗੁਰਮਤਿ ਸੰਗੀਤ ਸਬੰਧੀ ਭਰਪੂਰ ਪਰਮਾਣਿਕ ਜਾਣਕਾਰੀ ਉਪਲਭਦ ਹੋ ਰਹੀ ਹੈ। ਆਪ ਦੇ ਪ੍ਰਮੁਖ ਸ਼ਗਿਰਦਾਂ ਵਿੱਚ ਮਹਾਰਾਜਾ ਭੁਪਿੰਦਰ ਸਿੰਘ, ਭਾਈ ਵੀਰ ਸਿੰਘ ਜੀ, ਭਾਈ ਕਾਹਨ ਸਿੰਘ ਨਾਭਾ ਅਤੇ ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਜੀ ਦਾ ਨਾਮ ਸ਼ਾਮਲ ਹੈ।

**ਭਾਈ ਜਵਾਲਾ ਸਿੰਘ**- ਭਾਈ ਜਵਾਲਾ ਸਿੰਘ ਗੁਰੂ ਅਰਜਨ ਦੇਵ ਜੀ ਵੱਲੋਂ ਵਰੋਸਾਏ ਹੋਏ ਕੀਰਤਨੀਆਂ ਦੀ ਲੜੀ ਵਿੱਚੋਂ ਇੱਕ ਸਨ। ਆਪ ਪਾਸ ਗੁਰੂ ਕਾਲ ਦੀਆਂ ਪੁਰਾਤਨ ਰੀਤਾਂ ਦਾ ਖਜਾਨਾ ਸੀ। ਆਪ ਨੇ ਇਹਨਾਂ ਦੀ ਤਾਲੀਮ ਆਪਣੇ ਸਪੁੱਤਰਾਂ **ਭਾਈ ਗੁਰਚਰਨ ਸਿੰਘ** ਅਤੇ **ਭਾਈ ਅਵਤਾਰ ਸਿੰਘ** ਨੂੰ ਦਿੱਤੀ ਜਿਹੜੇ ਉਮਰ ਭਰ ਇਹਨਾਂ ਦਾ ਗਾਇਨ ਕਰਦੇ ਰਹੇ। ਇਸ ਦੇ ਨਾਲ ਹੀ ਇਹਨਾਂ ਨੇ ਇਹਨਾਂ ਰੀਤਾਂ ਨੂੰ ਲਿਪੀਬਧ ਕਰਕੇ ਪੰਜਾਬੀ ਯੂਨੀਵਰਸਟੀ ਤੋਂ ਪ੍ਰਕਾਸ਼ਿਤ ਕਰਵਾਇਆ। ਹੁਣ ਇਹ **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ** ਪੁਸਤਕ ਦੇ ਰੂਪ ਵਿੱਚ ਉਪਲਭਧ ਹਨ। ਇਹਨਾਂ ਦੇ ਵੰਸ ਵਿੱਚੋਂ ਭਾਈ ਕੁਲਤਾਰ ਸਿੰਘ ਕੀਰਤਨ ਕਰ ਰਹੇ ਹਨ ਅਤੇ ਭਾਈ ਜਵਾਲਾ ਸਿੰਘ ਦੀ ਕੀਰਤਨ ਸ਼ੈਲੀ ਨੂੰ ਕਾਇਮ ਰੱਖ ਰਹੇ ਹਨ।

**ਭਾਈ ਹੀਰਾ ਸਿੰਘ**–ਭਾਈ ਹੀਰਾ ਸਿੰਘ ਸਿੰਘ ਸਭਾ ਲਹਿਰ ਦੇ ਪ੍ਰਸਿੱਧ ਕੀਰਤਨੀਏ ਹੋਏ ਹਨ। ਆਪ ਨੇ ਕੀਰਤਨ ਕਰਨ ਦੇ ਨਾਲ ਨਾਲ ਅਨੇਕਾਂ ਵਿਦਿਅਕ ਸੰਸਥਾਵਾਂ ਦੀ ਸੰਸਥਾਵਾਂ ਦੀ ਸਥਾਪਨਾ ਕੀਤੀ। ਆਪ ਉਮਰ ਭਰ ਗੁਰਮਤਿ ਸੰਗੀਤ ਦੇ ਮਿਆਰੀ ਕੀਰਤਨੀਏ ਵਜੋਂ ਵਿਚਰਦੇ ਰਹੇ ਜਿਸ ਦਾ ਮਨੋਰਥ ਕੇਵਲ ਮਾਇਆ ਕਮਾਉਣਾ ਨਹੀਂ ਸੀ ਸਗੋਂ ਲੋਕਾਈ ਦਾ ਭਲਾ ਕਰਨਾ ਵੀ ਸੀ।

**ਭਾਈ ਸੁਧ ਸਿੰਘ ਪ੍ਰਧਾਨ ਸਿੰਘ**–ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਪ੍ਰਸਿਧ ਟਕਸਾਲੀ ਕੀਰਤਨੀਏ ਸਨ। ਆਪ ਪੁਰਾਤਨ ਰੀਤਾਂ ਵਿੱਚ ਕੀਰਤਨ ਕਰਦੇ ਰਹੇ ਹਨ। ਆਪ ਦੇ ਜਥੇ ਵਿੱਚੋਂ ਭਾਈ ਪ੍ਰਧਾਨ ਸਿੰਘ ਜੀ ਅਤੇ ਉਹਨਾਂ ਦੇ ਸਪੁੱਤਰ ਸ੍ਰ ਹਰਭਜਨ ਸਿੰਘ ਰਤਨ ਵਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਤਿਆਰ ਹੋਏ ਸਨ। ਇਹ ਆਸਾ ਦੀ ਵਾਰ ਦੀ ਗਾਇਨ ਵਿਧੀ ਦਾ ਇੱਕ ਚੰਗਾ ਨਮੂਨਾ ਹੈ।

**ਗਿਆਨੀ ਗਿਆਨ ਸਿੰਘ ਐਬਟਾਬਾਦ**– ਗਿਆਨੀ ਗਿਆਨ ਸਿੰਘ ਨਿਸ਼ਕਾਮ ਕੀਰਤਨੀਏ ਸਨ। ਆਪ ਕਿੱਤੇ ਵਜੋਂ ਕੀਰਤਨ ਨਹੀਂ ਸੀ ਕਰਦੇ। ਆਪ ਨੇ ਗੁਰਮਤਿ ਸੰਗੀਤ ਦੀ ਸਿੱਖਿਆ ਭਾਈ ਲਾਲ ਸਿੰਘ ਐਬਟਾਬਾਦ ਪਾਸੋਂ ਪ੍ਰਾਪਤ ਕੀਤੀ। ਪਰ ਆਪਨੂੰ ਟਕਸਾਲੀ ਕੀਰਤਨ ਦੀ ਸੰਭਾਲ ਦਾ ਖਾਸ ਫਿਕਰ ਸੀ। ਇਸ ਲਈ ਆਪ ਨੌ ਪ੍ਰਸਿੱਧ ਰਾਗੀਆਂ ਦੀਆਂ ਰੀਤਾਂ ਸੁਣ ਕੇ ਗਿਆਨੀ ਹਰਦਿੱਤ ਸਿੰਘ ਅਤੇ ਪ੍ਰਿੰਸੀਪਲ ਦਿਆਲ ਸਿੰਘ ਨਾਲ ਮਿਲ ਕੇ ਉਹਨਾਂ ਦੀਆਂ ਸੁਰ ਲਿਪੀਆਂ ਤਿਆਰ ਕੀਤੀਆਂ ਜਿਹਨਾਂ ਨੂੰ ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਸੰਗੀਤ ਨਾਮਕ ਪੁਸਤਕ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਕੀਤੀ। ਆਪ ਦੀ ਇਹ ਪੁਸਤਕ ਗੁਰਮਤਿ ਸੰਗੀਤ ਸਾਹਿਤ ਵਿੱਚ ਵਿਸ਼ੇਸ਼ ਰਖਦੀ ਹੈ।

**ਭਾਈ ਪ੍ਰੇਮ ਸਿੰਘ ਰਾਗੀ**–ਪਟਿਆਲਾ ਰਿਆਸਤ ਨਾਲ ਸਬੰਧਤ ਭਾਈ ਪ੍ਰੇਮ ਸਿੰਘ ਗੁਰਮਤਿ ਸੰਗੀਤ ਦੀ ਸਿਧਾਂਤਕ ਗਿਆਨ ਰੱਖਣ ਵਾਲੇ ਰਾਗੀ ਸਨ। ਆਪ ਨੇ ਗੁਰਮਤਿ ਰਤਨ (ਸੰਗੀਤ) ਭੰਡਾਰ ਨਾਮਕ ਪੁਸਤਕ ਦੀ ਰਚਨਾ ਕੀਤੀ। ਇਸ ਪੁਸਤਕ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਜਾਣਕਾਰੀ ਦੇਣ ਦੇ ਨਾਲ ਵੱਖ ਵੱਖ ਰਾਗਾਂ ਦੇ ਵੇਰਵੇ ਅਤੇ ਸੰਗੀਤ ਸਬੰਧੀ ਹੋਰ ਜਾਣਕਾਰੀ ਦਿੱਤੀ ਗਈ ਹੈ।

**ਭਾਈ ਸਮੁੰਦ ਸਿੰਘ**- ਆਪ ਕਲਾਸੀਕਲ ਅੰਦਾਜ਼ ਵਿੱਚ ਕੀਰਤਨ ਕਰਦੇ ਸਨ। ਆਪ ਦੇ ਕੀਰਤਨ ਸਦਕਾ ਗੁਰਮਤਿ ਸੰਗੀਤ ਦੇ ਮਿਆਰ ਦੀ ਗੈਰ ਸਿੱਖ ਸੰਗੀਤਕਾਰਾਂ ਵਿੱਚ ਵੀ ਚਰਚਾ ਹੁੰਦੀ ਸੀ। ਇਹਨਾਂ ਦੇ ਸਮੇਂ ਤਕ ਰੇਡੀਓ ਅਤੇ ਰਿਕਾਰਡਿੰਗ ਕੰਪਨੀਆਂ ਅਜੇ ਅਰੰਭ ਹੀ ਹੋ ਰਹੀਆਂ ਸਨ। ਇਸ ਕਾਰਨ ਹੁਣ ਕੀਰਤਨ ਦੀ ਸਾਂਭ ਸੰਭਾਲ ਆਰੰਭ ਹੋ ਗਈ। ਆਪ ਦੇ ਕੀਰਤਨ ਦੀਆਂ ਰਿਕਾਰਡਿੰਗਜ਼ ਹੁਣ ਵੀ ਬੜੇ ਸਤਿਕਾਰ ਨਾਲ ਸੁਣੀਆਂ ਜਾਂਦੀਆਂ ਹਨ। ਆਪ ਦਾ ਕੀਰਤਨ ਅਜੋਕੇ ਕੀਰਤਨੀਆਂ ਅਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਇੱਕ ਉਦਾਹਰਨ ਹੈ। ਭਾਈ ਸਾਹਿਬ ਦੀ ਕੀਰਤਨ ਸ਼ੈਲੀ ਨੂੰ ਉਹਨਾਂ ਦੇ ਸ਼ਾਗਿਰਦ ਪ੍ਰੋ ਪਰਮਜੋਤ ਸਿੰਘ ਨੇ ਆਤਮਸਾਤ ਕਰਕੇ ਉਹਨਾਂ ਨੇ 31 ਰਾਗਾਂ ਦੀ

ਰਿਕਾਰਡਿੰਗ ਤਿਆਰ ਕਰਨ ਦੇ ਨਾਲ ਨਾਲ ਨਿਰਧਾਰਿਤ ਰਾਗਾਂ ਤੇ ਅਧਾਰਿਤ **ਸਵਰ ਸਮੁੰਦ** ਨਾਮਕ ਪੁਸਤਕ ਵੀ ਪ੍ਰਕਾਸ਼ਿਤ ਕੀਤੀ।

**ਭਾਈ ਸੰਤਾ ਸਿੰਘ–** ਭਾਈ ਸੰਤਾ ਸਿੰਘ ਸੁਰੀਲੀ ਆਵਾਜ਼ ਅਤੇ ਇੱਕ ਨਿਵੇਕਲੇ ਅੰਦਾਜ਼ ਕੀਰਤਨ ਕਰਨ ਵਾਲੇ ਕੀਰਤਨੀਏ ਸਨ। ਆਪ ਉੱਚੀ ਸੁਰ ਵਿੱਚ ਬੜਾ ਪ੍ਰਭਾਵਸ਼ਾਲੀ ਕੀਰਤਨ ਕਰਦੇ ਸਨ। ਆਪ ਵੀ ਰੇਡੀਓ ਅਤੇ ਰਿਕਾਰਡਿੰਗ ਕੰਪਨੀਆਂ ਵਿੱਚ ਬੜੇ ਮਕਬੂਲ ਸਨ। ਆਪ ਦੇ ਕੀਰਤਨ ਦੀ ਰਿਕਾਰਡਿੰਗ ਹੁਣ ਵੀ ਬੜੇ ਪਿਆਰ ਸਤਿਕਾਰ ਨਾਲ ਸੁਣੀ ਜਾਂਦੀ ਹੈ। ਆਪ ਨੇ ਜਿਥੇ ਖੁਦ ਲੰਮਾਂ ਸਮਾਂ ਸ੍ਰੀ ਹਰਿਮੰਦਰ ਸਾਹਿਬ ਅਤੇ ਬਾਅਦ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦੀ ਸੇਵਾ ਕੀਤੀ ਉਥੇ ਅਗੋਂ ਆਪਣੇ ਭਰਾਤਾ ਅਤੇ ਆਪਣੀ ਔਲਾਦ ਨੂੰ ਵੀ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਆਪ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਨ। ਆਪ ਦੇ ਭਤੀਜੇ ਭਾਈ ਹਰਜੀਤ ਸਿੰਘ ਭਾਈ ਹਰਦੀਪ ਸਿੰਘ ਆਦਿ ਹੁਣ ਵੀ ਆਪ ਦੀ ਸ਼ੈਲੀ ਵਿੱਚ ਕੀਰਤਨ ਕਰਦੇ ਹਨ।

**ਭਾਈ ਸੁਰਜਨ ਸਿੰਘ–** ਭਾਈ ਸੁਰਜਨ ਸਿੰਘ ਜੀ ਨੇ ਕੀਰਤਨ ਦੇ ਖੇਤਰ ਵਿੱਚ ਵਿਸ਼ੇਸ਼ ਨਾਮਣਾ ਖੱਟਿਆ ਹੈ। ਆਪ ਦੀ ਆਵਾਜ਼ ਇੱਕ ਅਜੀਬ ਕਸ਼ਿਸ਼ ਸੀ। ਜਿਸ ਸਦਕਾ ਆਪ ਦਾ ਕੀਰਤਨ  ਬਿਹਬਲਤਾ ਅਤੇ ਕਰੁਣਾ ਰਸ ਨਾਲ ਭਰਪੂਰ ਸੀ। ਆਪ ਦੀ ਆਵਾਜ਼ ਦਾ ਇਤਨਾ ਪ੍ਰਭਾਵ ਸੀ ਕਿ ਪ੍ਰਸਿੱਧ ਕਲਾਸੀਕਲ ਗਾਇਕ ਪਦਮ ਸ੍ਰੀ ਸ੍ਰ ਸੋਹਣ ਸਿੰਘ ਨੇ ਆਪ ਦਾ ਗਾਇਨ ਸੁਣ ਕੇ ਸੰਗੀਤ ਕਲਾ ਨੂੰ ਅਪਣਾਇਆ। ਆਪ ਵੱਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਹੁਣ ਵੀ ਬਹੁਤ ਮਕਬੂਲ ਹਨ।

**ਸੰਤ ਸਰਵਣ ਸਿੰਘ ਡੁਮੇਲੀ ਵਾਲੇ–**ਸੰਤ ਸਰਵਣ ਸਿੰਘ ਡੁਮੇਲੀ ਵਾਲੇ ਉੱਚ ਕੋਟੀ ਦੇ ਕੀਰਤਨੀਏ ਹੋਏ ਹਨ। ਆਪ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਪੱਖ ਵਿੱਚ ਮਾਹਿਰ ਸਨ। ਆਪ ਨੇ ਗੁਰਮਤਿ ਸੰਗੀਤ ਦੇ ਸਿਧਾਂਤ ਬਾਰੇ **ਸੁਰ ਸਿਮਰਨ ਸੰਗੀਤ** ਲੜੀ ਦੀਆਂ ਛੇ ਪੁਸਤਕਾਂ ਪ੍ਰਕਾਸ਼ਿਤ ਕਰਵਾ ਕੇ  ਗੁਰਮਤਿ ਸੰਗੀਤ ਸਾਹਿਤ ਨੂੰ ਭਰਪੂਰ ਯੋਗਦਾਨ ਦਿੱਤਾ।

**ਭਾਈ ਪਿਆਰਾ ਸਿੰਘ–**ਭਾਈ ਪਿਆਰਾ ਸਿੰਘ ਲੰਮਾ ਸਮਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਰਹੇ। ਆਪ ਵੱਲੋਂ ਟਕਸਾਲੀ ਰੀਤਾਂ ਅਨੁਸਾਰ ਕੀਤੇ ਜਾਂਦੇ ਕੀਰਤਨ ਨੂੰ ਸੰਗਤਾਂ ਬਹੁਤ ਸਲਾਹੁੰਦੀਆਂ ਸਨ।ਆਪਦੇ ਭਰਾਤਾ ਭਾਈ ਕਿਰਪਾਲ ਸਿੰਘ ਵੀ ਉੱਚ ਕੋਟੀ ਦੇ ਕੀਰਤਨੀਏ ਸਨ। ਆਪ ਨੇ ਗੁਰਮਤਿ ਸੰਗੀਤ ਦੀ ਸਿਖਲਾਈ ਆਪਣੇ ਸਪੁਤਰਾਂ ਪਾਈ ਜਸਵੰਤ ਸਿੰਘ ਅਤੇ ਭਾਈ ਮਨਜੀਤ ਸਿੰਘ ਨੂੰ ਦਿੱਤੀ ਜਿਹੜੇ ਹੁਣ ਤਕ ਕੀਰਤਨ ਦੀ ਸੇਵਾ ਕਰ ਰਹੇ ਹਨ।

**ਭਾਈ ਜਸਵੰਤ ਸਿੰਘ ਕਲਾਰਾਂ ਵਾਲੇ–**ਆਪਨੇ ਮਸਤੁਆਣਾ ਟਕਸਾਲ ਅਤੇ ਦੌਧਰ ਪੁਰ ਦੀ ਟਕਸਾਲ ਵਿੱਚ ਅਨੇਕਾਂ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਈ ਦਿੱਤੀ। ਆਪ ਦੇ ਵਿਦਿਆਰਥੀਆਂ ਵਿੱਚੋਂ ਭਾਈ ਅਮਰੀਕ ਸਿੰਘ , ਭਾਈ ਬਲਦੇਵ ਸਿੰਘ, ਭਾਈ ਪ੍ਰੀਤਮ ਸਿੰਘ ਆਦਿ ਪ੍ਰਸਿੱਧ ਰਾਗੀ ਹੋਏ ਹਨ। ਆਪ ਨੇ ਗੁਰਮਤਿ ਸੰਗੀਤ ਸਬੰਧੀ ਪੁਸਤਕ ਦੀ ਰਚਨਾ ਵੀ ਕੀਤੀ।

**ਭਾਈ ਉੱਤਮ ਸਿੰਘ–** ਭਾਈ ਉੱਤਮ ਸਿੰਘ ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਹਿ ਗੜ੍ਹ ਸਾਹਿਬ ਵਿਖੇ ਲੰਮਾਂ ਸਮਾ ਕੀਰਤਨ ਕਰਦੇ ਰਹੇ ਹਨ। ਆਪਨੇ ਕੀਰਤਨ ਦੀ ਤਾਲੀਮ ਆਪਣੇ ਸਪੁੱਤਰਾਂ ਨੂੰ ਵੀ ਦਿੱਤੀ। ਇਹਨਾਂ ਵਿੱਚੋ ਡਾਕਟਰ ਜਾਗੀਰ ਸਿੰਘ ਕੀਰਤਨ ਵਿੱਚ ਨਾਮਣਾ ਖੱਟ ਚੁੱਕੇ ਹਨ। ਦੇਸ ਵਿਦੇਸ ਵਿੱਚ ਪ੍ਰਾਪਤ ਹੋਏ ਸਨਮਾਨਾਂ ਤੋਂ ਇਲਾਵਾ ਆਪ ਨੂੰ ਰਾਜ ਪੱਧਰ ਦਾ ਸ਼੍ਰੋਮਣੀ ਰਾਗੀ ਅਵਾਰਡ ਅਤੇ ਰਾਸ਼ਟਰੀ ਪੱਧਰ ਦਾ ਸੰਗੀਤ ਨਾਟਕ ਅਕਾਦਮੀ ਅਵਾਰਡ ਵੀ ਪ੍ਰਾਪਤ ਹੋਇਆ ਹੈ। ਆਪ ਨੇ ਗੁਰਮਤਿ ਸੰਗੀਤ ਦੀ ਦੇ ਸਿਧਾਂਤਾਂ ਸਬੰਧੀ ਪੁਸਤਕਾਂ ਦੀ ਰਚਨਾ ਕੀਤੀ ਹੈ। ਗੁਰਮਤਿ ਸੰਗੀਤ ਦੀ ਸੰਭਾਲ ਲਈ ਆਪ ਨੇ ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਨੂੰ ਸਮਰਪਿਤ ਮਾਸਿਕ ਪੱਤਰ ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ ਕਰ ਰਹੇ ਹਨ। ਭਾਈ ਉੱਤਮ ਸਿੰਘ ਜੀ ਦੇ ਦੂਜੇ ਸਪੁੱਤਰ ਡਾਕਟਰ ਬਚਿੱਤਰ ਸਿੰਘ ਮਿਆਰੀ ਕੀਰਤਨ ਕਰਦੇ ਹਨ। ਆਪ ਆਕਾਸ਼ਵਾਣੀ ਦੇ ਪ੍ਰਵਾਣਿਤ ਕੀਰਤਨੀਏ ਹਨ। ਤੀਜੇ ਸਪੁੱਤਰ ਡਾਕਟਰ ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਖੇਤਰ ਵਿੱਚ ਪ੍ਰਚਲਿਤ ਕਰਨ ਲਈ ਭਰਪੂਰ ਯੋਗਦਾਨ ਪਾਇਆ ਹੈ। ਆਪ ਗੁਰਮਤਿ ਸੰਗੀਤ ਸਬੰਧੀ ਅਕਾਦਮਿਕ ਪੱਧਰ ਦਾ ਸਾਹਿਤ ਹੀ ਨਹੀਂ ਰਚਿਆ ਸਗੋਂ ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦਾ ਮਿਆਰ ਸਥਾਪਤ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਵਿੱਚ ਕੀਰਤਨ ਦੀਆਂ ਰਿਕਾਰਡਿੰਗਜ਼ ਵੀ ਤਿਆਰ ਕੀਤੀਆਂ ਹਨ। ਆਪ ਨੇ ਗੁਰੂ ਨਾਨਕ ਦੇਵ ਯੂਨੀਵਰਸਟੀ ਵਿੱਚ ਪੋਸਟਗ੍ਰੈਜੂਏਟ ਪੱਧਰ ਦੇ ਕੋਰਸ ਵਿੱਚ ਗੁਰਮਤਿ ਸੰਗੀਤ ਨੂੰ ਵਿਸ਼ੇਸ਼ ਸਥਾਨ ਦਿਵਾਇਆ।ਆਪਨੂੰ ਹੋਰ ਸਨਮਾਨਾਂ ਤੋਂ ਭਾਰਤ

ਦੇ ਰਾਸ਼ਟਰਪਤੀ ਪਾਸੋਂ ਸੰਗੀਤ ਨਾਟਕ ਅਕਾਦਮੀ ਅਵਾਰਡ ਵੀ ਪ੍ਰਾਪਤ ਹੋਇਆ ਹੈ। ਆਪ ਨੇ ਲੰਮਾ ਸਮਾਂ ਪੰਜਾਬੀ ਯੂਨੀਵਰਸਟੀ ਵਿੱਚ ਫਾਉਂਡਰ ਮੁੱਖੀ ਗੁਰਮਤਿ ਸੰਗੀਤ ਵਿਭਾਗ ਵਜੋਂ ਸੇਵਾ ਨਿਭਾਈ।

**ਭਾਈ ਬਖਸ਼ੀਸ਼ ਸਿੰਘ-**ਭਾਈ ਬਖਸ਼ੀਸ਼ ਸਿੰਘ ਤਰਨਤਾਰਨ ਟਕਸਾਲ ਦੇ ਪ੍ਰਸਿੱਧ ਕੀਰਤਨੀਏ ਸਨ। ਆਪ ਕੀਰਤਨ ਕਰਨ ਅਤੇ ਰੀਤਾਂ ਗਾਉਣ ਸਮੇ਼ ਗੁਰਬਾਣੀ ਦੇ ਸਪਸ਼ਟ ਉਚਾਰਨ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਆਪ ਕਠਿਨ ਰਾਗਾਂ ਅਤੇ ਤਾਲਾਂ ਬੜੀ ਸਹਿਜ ਨਾਲ ਕੀਰਤਨ ਕਰਦੇ ਸਨ। ਆਪ ਦੀ ਆਵਾਜ਼ ਵਿਸ਼ੇਸ਼ ਬੁਲੰਦੀ ਅਤੇ ਸੁਰੀਲਾਪਨ ਸੀ। ਆਪ ਦੀਆਂ ਕੀਰਤਨ ਸੇਵਾਵਾਂ ਨੂੰ ਮੁੱਖ ਰਖਦਿਆਂ ਪੰਜਾਬ ਸਾਰਕਾਰ ਵੱਲੋਂ ਆਪ ਨੂੰ ਸ਼੍ਰੋਮਣੀ ਰਾਗੀ ਅਵਾਰਡ ਦਿੱਤਾ ਗਿਆ ਸੀ। ਆਪ ਦੀਆਂ ਰਿਕਾਰਡਿੰਗਜ਼ ਬੜੇ ਪਿਆਰ ਨਾਲ ਸੁਣੀਆਂ ਜਾਂਦੀਆਂ ਹਨ।

ਇਹਨਾਂ ਤੋਂ ਇਲਾਵਾ ਸੰਤ ਭਾਈ ਬਹਾਦਰ ਸਿੰਘ, ਭਾਈ ਤਖਤ ਸਿੰਘ, ਭਾਈ ਹਰਚੰਦ ਸਿੰਘ,ਭਾਈ ਚਤਰ ਸਿੰਘ, ਭਾਈ ਮੁਨਸ਼ਾ ਸਿੰਘ, ਭਾਈ ਗੋਪਾਲ ਸਿੰਘ, ਭਾਈ ਚੰਨਣ ਸਿੰਘ ਮਜਬੂਰ, ਭਾਈ ਦਵਿੰਦਰ ਸਿੰਘ ਗੁਰਦਾਸਪੁਰੀ ਆਦਿ ਕੀਰਤਨੀਏ ਮਿਆਰੀ ਕੀਰਤਨ ਕਰਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯੋਗਦਾਨ ਪਾਉਂਦੇ ਰਹੇ ਹਨ।

ਹੁਣ ਵੀ ਭਾਈ ਬਲਬੀਰ ਸਿੰਘ, ਪ੍ਰੋ ਕਰਤਾਰ ਸਿੰਘ ਨਿਰਧਾਰਿਤ ਪਰੰਪਰਾ ਅਨੁਸਾਰ ਕੀਰਤਨ ਕਰਕੇ ਗੁਰਮਤਿ ਸੰਗੀਤ ਨੂੰ ਪ੍ਰਫੁਲਤ ਕਰ ਰਹੇ ਹਨ।

---

# ਤਾਲ ਅਤੇ ਰਸ

**ਡਾ. ਜਬਰਜੰਗ ਸਿੰਘ**

**ਤਾਲ ਦੀ ਉਤਪਤੀ :**

**ਤਾਲ ਦੀ ਅਧਾਰਸ਼ਿਲਾ ਲੈਅ ਹੈ ਜੋ ਸੰਪੂਰਣ ਬ੍ਰਹਿਮੰਡ ਵਿਚ ਵਿਦਮਾਨ ਹੈ। ਲੈਅ ਤੋਂ ਹੀ ਤਾਲ ਦੀ ਉਤਪਤੀ ਹੁੰਦੀ ਹੈ ਕਿਉਂਕਿ ਲੈਅ ਹੀ ਤਾਲ ਦੀ ਜਨਮ ਦਾਤਾ ਹੈ। ਤਾਲ ਦੀ ਉਤਪਤੀ ਬਾਰੇ ਸੰਗੀਤ ਵਿਦਵਾਨਾਂ ਦੇ ਭਿੰਨ-ਭਿੰਨ ਮੱਤ ਹਨ। ਮਹਾਨ ਕੋਸ਼ ਅਨੁਸਾਰ ਤਾਲੀ ਦੀ ਧੁਨ ਨੂੰ ਤਾਲ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਅਨੁਸਾਰ ਸੰਗੀਤ ਪੇਸ਼ਕਾਰੀ ਲਈ ਪ੍ਰਯੋਗ ਹੋ ਰਹੇ ਸਮੇਂ ਦੀ ਮਾਪ ਇਕਾਈ ਤਾਲ ਹੈ। ਸੰਗੀਤ ਸ਼ਾਸਤਰ ਗ੍ਰੰਥ ਅਨੁਸਾਰ ਭਗਵਾਨ ਸ਼ਿਵ ਦੇ ਤਾਂਡਵ ਨ੍ਰਿਤ ਤੋਂ 'ਤਾ' ਅਤੇ ਪਾਰਵਤੀ ਦੇ ਲਾਸਯ ਨ੍ਰਿਤ ਤੋਂ 'ਲ' ਸ਼ਬਦ ਲੈ ਕੇ ਤਾਲ ਸ਼ਬਦ ਦੀ ਉਤਪਤੀ ਹੋਈ।**

**ਜੇਕਰ ਪ੍ਰਾਕਿਰਤੀ ਦੇ ਵਿਧੀ ਵਿਧਾਨ ਵਲ ਝਾਤ ਮਾਰੀਏ ਤਾਂ ਸਾਨੂੰ ਕੁਦਰਤੀ ਕ੍ਰਿਸ਼ਮੇਂ ਵਿਚੋਂ 'ਲੈਅ' ਦਾ ਆਭਾਸ ਮਹਿਸੂਸ ਹੋਵੇਗਾ ਕਿਉਂਕਿ ਕੁਦਰਤ ਦੀ ਹਰੇਕ ਰਚਨਾ ਇਕ ਨਿਸ਼ਚਿਤ ਲੈਅ ਵਿਚ ਹੀ ਵਿਚਰ ਰਹੀ ਹੈ ਜਿਵੇਂ ਦਿਨ-ਰਾਤ, ਹਵਾ ਦਾ ਵੇਗ, ਪਾਣੀ ਦਾ ਬਹਾਅ ਆਦਿ ਇਕ ਸਮਾਨ ਗਤੀ ਵਿਚ ਵਿਚਰਦੇ ਹਨ। ਕੁਦਰਤੀ ਕ੍ਰਿਸ਼ਮੇ ਦੀ ਇਸ ਸਮਾਨ ਗਤੀ/ਚਾਲ ਨੂੰ ਅਸੀਂ ਲੈਅ ਆਖ ਸਕਦੇ ਹਾਂ। ਇਸ ਤੱਥ ਤੋਂ ਸੰਪੂਰਣ ਸੰਗੀਤ ਜਗਤ ਜਾਣੂੰ ਹੈ ਕਿ ਮਨੁੱਖ ਨੇ ਸਵਰ ਤੋਂ ਪਹਿਲਾਂ ਲੈਅ ਨੂੰ ਹੀ ਸਮਝਿਆ ਸੀ। ਪ੍ਰਤੱਖ ਤੋਰ ਤੇ ਲੈਅ ਦਾ ਅਨੁਭਵ ਸਾਨੂੰ ਆਪਣੇ ਦਿਲ ਦੀ ਧੜਕਣ ਤੋਂ ਹੁੰਦਾ ਹੈ ਕਿਉਂਕਿ ਜੋ ਇਹ ਧੜਕਣ ਇਕ ਸਮਾਨ ਗਤੀ ਵਿਚ ਚਲਦੀ ਰਹਿੰਦੀ ਹੈ, ਇਸ ਨੂੰ ਵੀ ਅਸੀ ਲੈਅ ਆਖ ਸਕਦੇ ਹਾਂ। ਲੈਅ ਨੂੰ ਹੀ ਮਾਤਰਾਵਾਂ ਵਿੱਚ ਵੰਡ ਕੇ ਉਸ ਦੇ ਬਰਾਬਰ ਦੇ ਹਿੱਸੇ ਜਾਂ ਛੋਟੇ ਵੱਡੇ ਹਿੱਸੇ ਕਰਕੇ ਭਿੰਨ-ਭਿੰਨ ਤਾਲਾਂ ਦੀ ਰਚਨਾ ਕੀਤੀ ਜਾਂਦੀ ਹੈ। ਸੰਗੀਤ ਵਿਦਵਾਨਾਂ ਦੇ ਮੱਤ ਅਨੁਸਾਰ ਤਾਲ ਸੰਗੀਤ ਦੀ ਜਾਨ ਅਤੇ ਪ੍ਰਾਣ ਹੈ। ਸੰਗੀਤ ਵਿਚਲੇ ਗਾਇਨ-ਵਾਦਨ-ਨ੍ਰਿਤ ਦੀ ਸ਼ੋਭਾ ਲੈਅ ਤਾਲ ਹੀ ਹੁੰਦੇ ਹਨ। ਤਾਲ ਦੇ ਅਨੇਕਾਂ ਭੇਦ ਹੁੰਦੇ ਹਨ, ਜਿਸਦਾ ਜਿਕਰ ਅੱਗੇ ਜਾ ਕਰਾਂਗੇ। ਸਾਹਿਤ ਅਤੇ ਸੰਗੀਤ ਵਿਚ ਇਹ ਦੋਵੇਂ ਲਲਿਤ ਕਲਾਵਾਂ ਹਨ ਜੋ ਨਾਦ ਦੁਆਰਾ ਮਨੁੱਖੀ ਮਨ ਵਿੱਚ ਬੇਸ਼ੁਮਾਰ ਭਾਵਾਂ ਨੂੰ ਉਜਾਗਰ ਕਰਕੇ 'ਰਸ' ਦੀ ਸਿਰਜਨਾ ਕਰਦੇ ਹਨ ਅਤੇ ਇਹ ਦੋਵੇਂ ਕਲਾਵਾਂ ਰਸ ਪ੍ਰਧਾਨ ਹਨ ਜੋ ਰਸ ਅਧੀਨ 'ਲੈਅ' ਉੱਤੇ ਅਧਾਰਿਤ ਹਨ।**

**ਵੱਖ-ਵੱਖ ਰਸ ਨੂੰ ਮਾਨਣਾ ਮਨੁੱਖ ਦੇ ਸੁਭਾਅ ਵਿਚ ਸ਼ਾਮਿਲ ਹੈ ਜਿਵੇਂ ਆਪਣੀਆਂ ਅੱਖਾਂ ਨਾਲ ਚੰਗਾ ਦ੍ਰਿਸ਼ ਵੇਖਣਾ, ਨੱਕ ਦੁਆਰਾ ਸੁਗੰਧ ਦਾ ਰਸ ਲੈਣਾ, ਕੰਨਾਂ ਦੁਆਰਾ ਸ਼ੁਭ ਬਚਨ ਅਤੇ ਰਾਗ-ਨਾਦ-ਸੰਗੀਤ ਸੁਣਨਾ, ਜੀਭ ਦੁਆਰਾ ਖੱਟਾ-ਮਿੱਠਾ-ਲੂਣਾ-ਕੌੜਾ ਕੁਸੈਲਾ-ਫਿੱਕਾ ਆਦਿ ਵੱਖ-ਵੱਖ ਰਸਾਂ ਨੂੰ ਮਾਣਨਾ ਮਨੁੱਖੀ ਮਨ ਦੀ ਪ੍ਰਸੰਨਤਾ ਅਤੇ ਕ੍ਰਿਆ ਹੈ। ਸ਼ਾਸਤਰਾਂ ਵਿੱਚ 9 ਪ੍ਰਕਾਰ ਦੇ ਰਸ ਦਰਸਾਏ ਗਏ ਹਨ ਜੋ ਨਿਮਨ ਅਨੁਸਾਰ ਹਨ: -**

| | | | | | |
|---|---|---|---|---|---|
| 1. | ਸ਼ਿਗਾਰ ਰਸ | 2. | ਹਾਸਯ ਰਸ | 3. | ਕਰੁਣ ਰਸ |
| 4. | ਵੀਰ ਰਸ | 5. | ਰੋਦਰ ਰਸ | 6. | ਵਿਭਤਸ ਰਸ |
| 7. | ਭਿਆਨਕ ਰਸ | 8. | ਅਦਭੁਤ ਰਸ | 9. | ਸ਼ਾਂਤ ਰਸ |

ਜਿਸ ਤਰ੍ਹਾਂ ਸੰਗੀਤਕ ਸੁਰਾਂ ਵਿੱਚ ਰਸ ਉਤਪੰਨ ਕਰਨ ਦੀ ਸਮਰਥਾ ਹੈ ਉਸੇ ਤਰ੍ਹਾਂ ਤਾਲ ਦੇ ਵਾਦਨ ਵਿੱਚ ਵੀ ਸਿਰਜਨ ਦੀ ਸ਼ਕਤੀ ਹੈ। ਤਬਦੇ ਦੇ ਮੁੱਖ ਦਸ (10) ਵਰਣ (ਅੱਖਰ) ਵਿਦਵਾਨਾਂ ਨੇ ਮੰਨੇ ਹਨ ਜਿਵੇਂ ਧ, ਗ, ਦ, ਤ, ਰ, ਕ, ਟ, ਨ, ਘ, ੜ ਜਾਂ ਨਾ, ਤਿੰ, ਕ, ਤ, ਤੇ, ਟੇ, ਕੇ, ਗੇ, ਧਾ ਅਤੇ ਧਿੰ। ਇਨ੍ਹਾਂ ਬੋਲਾਂ ਦੇ ਅਧਾਰ ’ਤੇ ਅਨੇਕਾਂ ਤਾਲਾਂ ਦੀ ਸਿਰਜਨਾ ਹੋ ਜਾਂਦੀ ਹੈ ਜੋ ਤਾਲ ਵਿਚ ਰਸ ਪੈਦਾ ਕਰਨ ਦੀ ਸਮਰਥਾ ਸਿਰਜਦੀ ਹੈ।

ਤਾਲ ਵਾਦਨ ਦੁਆਰਾ ਰਸ ਦਾ ਸੰਚਾਰ :

ਕਦੀ ਕਦੀ ਸੰਗੀਤ ਵਿਚ ਕੋਈ ਸ਼ਾਬਦਿਕ ਰਚਨਾ ਨਾ ਹੁੰਦੇ ਹੋਏ ਕੇਵਰ ਸੁਰਾਂ ਦੇ ਅੰਤਰਾਲ ਅਤੇ ਲੈਅਬੱਧ ਰਚਨਾ ਹੀ ਮਨ ਨੂੰ ਅਨੰਦਿਤ ਕਰ ਦਿੰਦੀ ਹੈ। ਉਸ ਵਿਚ ਰਸ ਅਤੇ ਭਾਵ ਦੋਵੇਂ ਮੌਜੂਦ ਹੁੰਦੇ ਹਨ। ਪੱਛਮੀ ਸੰਗੀਤ ਵਿੱਚ ਇਕ ਵਿਸ਼ੇਸ਼ ਪ੍ਰਕਾਰ ਦਾ ਸੰਗੀਤ ਪ੍ਰਚੱਲਿਤ ਹੈ ਜਿਸ ਨੂੰ ਰਾਕ ਐਂਡ ਰੋਲ ਕਿਹਾ ਜਾਂਦਾ ਹੈ। ਇਹ ਇਕ ਅਧਿਕ ਲੈਅ ਪ੍ਰਦਾਨ ਸਵਰ ਰਚਨਾ ਹੈ ਜਿਸ ਨੂੰ ਸੁਣਦਿਆਂ ਹੀ ਲਗਭਗ ਹਰੇਕ ਵਿਅਕਤੀ ਨੱਚਣ ਲੱਗ ਪੈਂਦਾ ਹੈ। ਰਾਕ ਐਂਡ ਰੋਲ ਦੀ ਭਾਂਤੀ ਸਾਡੇ ਦੇਸ਼ ਦੇ ਲੋਕ ਸੰਗੀਤ (ਵਿਸ਼ੇਸ਼ ਤੌਰ ਤੇ ਪੰਜਾਬ ਦਾ ਢੋਲ ਵਾਦਨ) ਵਿਚ ਵੀ ਅਨੇਕ ਰਚਨਾਵਾਂ ਮੌਜੂਦ ਹਨ ਜੋ ਮਨੁੱਖੀ ਮਨ ਵਿਚ ਰਸ ਦੀ ਛਹਿਬਰ ਲਾਉਂਦੀਆਂ ਹਨ।

ਸਾਹਿਤ ਵਿਚਲੇ ਨੌਂ ਰਸਾਂ ਦਾ ਜ਼ਿਕਰ ਕਰ ਆਏ ਹਾਂ ਕਿ ਇਹ ਰਸ ਮਨੁੱਖ ਦੀ ਮਨੋਬਿਰਤੀ ਵਿਚ ਪ੍ਰਵੇਸ਼ ਕਰਦੇ ਰਹਿੰਦੇ ਹਨ। ਇਨ੍ਹਾਂ ਰਸਾਂ ਦਾ ਪ੍ਰਭਾਵ ਤਾਲ ਵਾਦਨ ਵਿਚ ਵੀ ਪ੍ਰਤੱਖ ਹੁੰਦਾ ਹੈ। ਕਰੁਣਾ ਰਸ ਅਤੇ ਸ਼ਾਤ ਰਸ ਦੇ ਪ੍ਰਭਾਵ ਅਧੀਨ ਗਾਇਨ ਵਾਦਨ ਵਿਲੰਭਿਤ ਲੈਅ ਵਿਚ, ਸ਼ਿੰਗਾਰ ਰਸ ਅਤੇ ਹਾਸਯ ਰਸ ਅਧੀਨ ਦਰੁਤ ਲੈਅ ਵਿਚ ਕੀਤਾ ਜਾਂਦਾ ਹੈ। ਇਸ ਦੇ ਅੰਤਰਗਤ ਰਸਭਾਵ ਦੇ ਪ੍ਰਗਟਾਵ ਲਈ ਅਤੀ ਵਿਲੰਬਿਤ, ਅਤੀ ਦਰੁਤ ਅਤੇ ਹੋਰ ਲੈਅਕਾਰੀਆਂ ਵਿੱਚ ਕੀਤਾ ਜਾਂਦਾ ਹੈ। ਵਿਲੰਬਿਤਾ ਲੈਅ ਗੰਭੀਰਤਾ ਦੀ ਸੂਚਕ ਹੁੰਦੀ ਹੈ। ਮਨੁੱਖੀ ਜੀਵਨ ਵਿਚ ਨਿਰਾਸ਼ਤਾ ਜਾਂ ਉਦਾਸੀ ਦੇ ਸਮੇਂ ਸਾਡੇ ਸਰੀਰਕ ਅੰਗਾਂ ਵਿਚ ਸਫੂਰਤੀ ਨਾ ਰਹਿੰਦੇ ਹੋਏ ਸੰਪੂਰਣ ਕ੍ਰਿਆਵਾਂ ਵਿਚ ਸਿਥਲਤਾ ਜਾਂ ਵਿਲੰਬਿਤ ਲੈਅ ਦਾ ਪ੍ਰਵੇਸ਼ ਹੋ ਜਾਂਦਾ ਹੈ। ਇਹੀ ਕਾਰਣ ਹੈ ਕਿ ਵਿਸ਼ਮ ਗਤੀ ਦੀਆਂ ਤਾਲਾਂ ਜਿਵੇਂ ਦੀਪਚੰਦੀ, ਝੱਪਤਾਲ, ਰੂਪਕ ਤਾਲ ਆਦਿ ਕਰੁਣਾ ਅਤੇ ਸ਼ੋਕ ਦੇ ਭਾਵਾਂ ਨੂੰ ਵਿਅਕਤ ਕਰਨ ਵਿਚ ਸਹਾਇਕ ਹੁੰਦੀਆਂ ਹਨ। ਸ਼ਿੰਗਾਰ ਰਸ ਦੇ ਗੀਤਾਂ ਵਿਚ ਹਿਰਦੇ ਦੀ ਵਿਆਕੁਲਤਾ/ਚੰਚਲਤਾ ਨੂੰ ਇਹਨਾਂ ਤਾਲਾਂ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਜਿਵੇਂ ਕਹਿਰਵਾ, ਤੀਨਤਾਲ ਅਦਿ ਸ਼ਾਤ ਭਾਵ ਦਾ ਪ੍ਰਗਟਾਵਾ ਕਰਦੀਆਂ ਹਨ। ਈਸ਼ਵਰ ਉਪਾਸਨਾ ਭਜਨ ਅਤੇ ਸੰਕੀਰਤਨ ਆਦਿ ਇਹਨਾਂ ਤਾਲਾਂ ਵਿੱਚ ਨਿਬੱਧ ਕੀਤੇ ਜਾਂਦੇ ਹਨ ਅਤੇ ਪ੍ਰਸਤੁਤ ਵੀ ਕੀਤੇ ਜਾਂਦੇ ਹਨ। ਦਰੁਤ ਲੈਅ ਚੰਚਲਤਾ, ਚਪਲਤਾ, ਕ੍ਰੋਧ, ਡਰ ਆਦਿ ਨੂੰ ਪ੍ਰਗਟ ਕਰਨ ਵਿਚ ਸਹਾਈ ਹੁੰਦੀਆਂ ਹਨ। ਜਿਵੇਂ ਸ਼ਿੰਗਾਰ ਰਸ ਦੀ ਭਾਵਨਾ ਵਿਚ ਸਾਡੇ ਅੰਗਾਂ ਵਿਚ ਸਫੂਰਤੀ, ਚੰਚਲਤਾ ਅਤੇ ਉਤਸੁਕਤ ਦਾ ਸੰਚਾਰ ਹੋ ਜਾਂਦਾ ਹੈ। ਇਨ੍ਹਾਂ ਭਾਵਾਂ ਦੀ ਉਤਸੁਕਤਾ ਦੇ ਲਈ ਤੀਨਤਾਲ, ਕਹਿਰਵਾ, ਦਾਦਰਾ ਆਦਿ ਤਾਲਾਂ ਨੂੰ ਦਰੁੱਤ ਗਤੀ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਲੈਅ ਦੇ ਇਹ ਵਿਭਿੰਨ ਰੂਪ ਤਾਲਾਂ ਦੇ ਵਿਸ਼ਿਸ਼ਟ ਸੰਭਾਵ ਨਾਲ ਪ੍ਰਗਟ ਹੋ ਕੇ ਵਿਭਿੰਨ ਭਾਵਾਂ ਨੂੰ ਪ੍ਰਗਟ ਕਰਕੇ ਰਸ ਸੰਚਾਰ ਵਿਚ ਸਹਾਇਕ ਸਿੱਧ ਹੁੰਦੇ ਹਨ।

ਸੰਗੀਤ ਮਹਿਫਿਲਾਂ ਵਿਚ ਅਕਸਰ ਹੀ ਵੇਖਿਆ ਜਾਂਦਾ ਹੈ ਕਿ ਜਦੋਂ ਗਾਇਕ ਜਾਂ ਵਾਦਕ ਆਪਣਾ ਪ੍ਰਸਤੁਤੀਕਰਣ ਰਾਗਾਲਾਪ, ਜੋੜ ਅਲਾਪ, ਝਾਲਾ ਅਤੇ ਤਾਨਾਂ ਅਦਿ ਅਨਿਬੱਧ ਰੂਪ ਵਿਚ ਭਾਵ ਬਿਨਾਂ ਲੈਅ-ਤਾਲ ਦੇ ਪ੍ਰਸਤੁਤ ਕਰਦਾ ਹੈ ਤਾਂ ਸ਼ਰੋਤੇ ਮੋਨ ਹੋ ਕੇ ਅਚੇਤ ਰੂਪ ਵਿਚ ਸੁਣਦੇ ਰਹਿੰਦੇ ਹਨ। ਜਿਵੇਂ ਹੀ ਤਾਲ ਵਾਦ ਦੀ ਥਾਪ ਦੇ ਨਾਲ ਗਾਇਨ/ਵਾਦਨ ਨਿਸ਼ਚਿਤ ਲੈਅ ਵਿਚ ਪ੍ਰਾਰੰਭ ਹੁੰਦਾ ਹੈ ਤਾਂ ਸ਼ਰੋਤਾ ਰਸ ਪਾਨ ਲਈ ਸਜੱਗ ਹੋ ਜਾਂਦਾ ਹੈ। ਲੈਅ ਦੁਆਰਾ ਹੀ ਸੰਗੀਤ ਵਿਚ ਵਿਭਿੰਨ ਰਸਯੁਕਤ ਚਲਨ ਸ਼ੈਲੀਆਂ ਦਾ ਨਿਰਮਾਣ ਹੁੰਦਾ ਹੈ ਅਤੇ ਗਤ ਭੇਦ ਦੁਆਰਾ ਵੱਖ-ਵੱਖ ਰਸਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਲੈਅ ਹੀ ਸੰਗੀਤ ਨੂੰ ਤਾਲ ਦੇ ਮਾਧਿਅਮ ਵਿਚ ਸਥਾਈ, ਸੁੰਦਰ, ਉਪਯੋਗੀ, ਰਸਪੂਰਣ ਅਤੇ ਮਨੋਰੰਜਕ ਬਣਾ ਦਿੰਦੀ ਹੈ। ਲੈਅ ਦੀ ਸ਼ਾਤ ਰਸ ਪ੍ਰਧਾਨ ਸ਼ੈਲੀ, ਸ਼ਿੰਗਾਰ ਰਸ ਪ੍ਰਧਾਨ ਸ਼ੈਲੀ, ਵੀਰ ਰਸ ਅਤੇ ਰੋਦਰ ਰਸ ਪ੍ਰਧਾਨ ਸ਼ੈਲੀ ਗੀਤ ਦੇ ਸ਼ਬਦਾਂ ਦੇ ਰਸ ਭਾਵ ਨੂੰ ਸਪਸ਼ਟ ਕਰ ਦਿੰਦੀ ਹੈ। ਗਾਇਨ ਵਾਦਨ ਅਤੇ ਨਰਿੱਤ ਤਾਲ ਦੀ ਸੰਗਤ ਤੋਂ ਬਿਨਾਂ ਕਦੀ ਵੀ ਪ੍ਰਭਾਵਸ਼ਾਲੀ ਨਹੀਂ ਹੁੰਦੇ।

ਜਦੋਂ ਕੋਈ ਤਬਲਾ ਵਾਦਕ ਕਿਸੇ ਵੀ ਗਾਇਕ/ਵਾਦਕ ਦੇ ਨਾਲ ਸੰਗਤ ਕਰਦਾ ਹੈ ਤਾਂ ਪਹਿਲਾਂ ਉਹ ਅਧਾਰ ਸੁਰ ਨਾਲ ਆਪਣੇ ਤਾਲ ਸਾਜ ਤਬਲੇ ਨੂੰ ਮਿਲਾਉਂਦਾ ਹੈ। ਇਸ ਪ੍ਰਕਾਰ ਗਾਇਕ ਜਾਂ ਵਾਦਕ ਦੇ ਅਧਾਰ

ਸਵਰ ਨਾਲ ਤਬਲਾ ਆਦਿ ਦਾ ਸਵਰ ਮਿਲ ਜਾਣ ਨਾਲ ਗਾਇਨ ਵਾਦਨ ਵਿਚ ਇਕ ਵਿਸ਼ੇਸ਼ ਆਕਰਸ਼ਣ ਪੈਦਾ ਹੁੰਦਾ ਹੈ ਅਤੇ ਰਸ ਦੀ ਉਤਪਤੀ ਹੁੰਦੀ ਹੈ।

ਵੱਖ–ਵੱਖ ਗਾਇਨ ਸ਼ੈਲੀਆਂ ਦੀ ਪ੍ਰਾਕਿਰਤੀ ਦੇ ਅਨੁਰੂਪ ਵਿਚ ਵਿਭਿੰਨ ਗੁਣ ਅਤੇ ਭਿੰਨ–ਭਿੰਨ ਧੁਨੀਆਂ ਦੀ ਉਤਪਤੀ ਕਰਨ ਵਾਲੇ ਤਾਲ ਸਾਜਾਂ ਦੀ ਜਰੂਰਤ ਅਨੁਭਵ ਕੀਤੀ ਗਈ। ਜਿਵੇਂ ਬੀਰ ਰਸ ਪ੍ਰਧਾਨ ਗਾਇਕੀ ਦੀ ਸੰਗਤ ਨਾਲ ਉੱਚੀ ਅਤੇ ਗੰਭੀਰ ਧਵਨੀ ਵਾਲੇ ਲੈਅ–ਤਾਲ ਵਾਦਯਾਂ ਦੀ, ਸ਼ਿਗਾਰ ਰਸ ਪ੍ਰਧਾਨ ਗਾਇਕੀ ਦੀ ਸੰਗਤ ਨਾਲ ਚੰਚਲ ਅਤੇ ਮਧੁਰ ਧਵਨੀਯੁਕਤ ਲੈਅ–ਤਾਲ ਵਾਦਯਾਂ ਦੀ, ਸ਼ਾਤ ਅਤੇ ਭਗਤੀ ਰਸ ਦੀ ਉਤਪਤੀ ਲਈ ਸ਼ਾਤਵਿਕ ਭਾਵ ਨਾਲ ਪਰੀਪੂਰਣ ਅਤੇ ਮਧੁਰ ਧਵਨੀ ਵਾਲੇ ਤਾਲ ਵਾਦਯਾਂ ਦੀ ਅਤੇ ਕਾਲ ਕ੍ਰਮਾਨੁਸਾਰ ਅਵੱਸ਼ਕਤਾਨਰੂਪ ਵਿਭਿੰਨ ਗੁਣ–ਧਰਮ ਵਾਲੇ ਵਾਦਯਾਂ ਦਾ ਨਿਰਮਾਣ ਹੁੰਦਾ ਰਿਹਾ। ਜਦੋਂ ਗਾਇਨ/ਵਾਦਨ ਦੇ ਨਾਲ ਤਬਲਾ ਜਾਂ ਮਰਦੰਗ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਬੰਦਿਸ਼ ਜਾਂ ਗੀਤ ਆਦਿ ਦਾ ਸਮ ਤਾਲ ਦੇ ਸਮ ਨਾਲ ਮਿਲਦਾ ਹੈ ਅਤੇ ਜਦੋਂ ਗਾਇਕ/ਵਾਦਕ ਲੈਅਕਾਰੀਆਂ ਦਾ ਪ੍ਰਦਰਸ਼ਨ ਕਰਦੇ ਹੋਏ ਸਮ ਤੇ ਆ ਕੇ ਮਿਲਦੇ ਹਨ ਤਾਂ ਕਲਾਕਾਰ ਅਤੇ ਸ਼ਰੋਤੇ ਦੋਵੇਂ ਹੀ ਅਦਭੁੱਤ ਅਨੰਦ ਦੀ ਪ੍ਰਾਪਤੀ ਮਾਣਦੇ ਹਨ।

ਜਦੋਂ ਸਹਿਜ ਸ਼ਬਦਾਂ ਵਿਚ ਭਗਵਤ ਗੁਣਗਾਨ ਕਰਤਾਲ ਧਵਨੀ ਅਤੇ ਤਾਲ–ਵਾਦਯਾਂ ਦੀ ਮਿਲਤ ਦੁਆਰਾ ਕੀਤਾ ਜਾਂਦਾ ਹੈ ਜਾਂ ਗੁਰਬਾਣੀ ਕੀਰਤਨ ਹੋ ਰਿਹਾ ਹੁੰਦਾ ਹੈ ਤਾਂ ਮਨ ਨੂੰ ਅਗਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਸੰਗੀਤ ਵਿਚ ਤਾਲ ਦਾ ਸਥਾਨ ਸਹਿਜ ਮੰਨਿਆ ਜਾਂਦਾ ਹੈ। ਤਾਲ ਦੀ ਸਹਿਜ ਵਾਦਨ ਸ਼ੈਲੀ ਵਿਚ ਹੀ ਗੁਰਬਾਣੀ ਸ਼ਬਦ ਕੀਰਤਨ ਦਾ ਭਾਵ ਹਿਰਦੇ ਵਿਚ ਭਗਤੀ ਰਸ ਦੀ ਭਾਵਨਾ ਉਜਾਗਰ ਕਰਦਾ ਹੈ। ਇਸ ਸੰਗੀਤ ਵਿਚ ਤਾਲ ਨੂੰ ਕਿਤੇ ਕਿਤੇ ਕਾਲਤਮਿਕਤਾ ਨਾਲ ਵੀ ਪ੍ਰਸਤੁਤ ਕੀਤਾ ਜਾਂਦਾ ਹੈ। ਵਰਨਣਯੋਗ ਹੈ ਕਿ ਗੁਰਮਤਿ ਸੰਗੀਤ ਦੀ ਪੜਤਾਲ ਗਾਇਨ ਸ਼ੈਲੀ ਵਿਲੱਖਣ ਤੇ ਅਦੁੱਤੀ ਹੈ। ਪੜਤਾਲ ਸ਼ੈਲੀ ਵਿਚ ਭਿੰਨ–ਭਿੰਨ ਤਾਲਾਂ ਨੂੰ ਅਲੋਕਿਕ ਤਰੀਕੇ ਨਾਲ ਵਜਾਇਆ ਜਾਂਦਾ ਹੈ। ਇਸ ਵਜੰਤਰ ਵਿਚ ਵੱਖ ਕਿਸਮ ਦਾ ਤਾਲ ਰਸ ਮਾਣਨ ਨੂੰ ਮਿਲਦਾ ਹੈ। ਇਸੇ ਕ੍ਰਮ ਵਿਚ ਦੰਦਬੀ, ਨਗਾੜਾ ਆਦਿ ਤਾਲ ਸਾਜ਼ਾ ਦੀ ਗੰਭੀਰ ਧਵਨੀ ਵੀਰ ਰਸ ਉਤਪਨ ਕਰਦੀ ਹੈ।

---

# ਕੱਵਾਲੀ ਦੀ ਇਤਿਹਾਸਿਕ ਪਿੱਠ-ਭੂਮੀ ਅਤੇ ਵਿਕਾਸਕ੍ਰਮ

*ਅਮਨਲਤਾ

ਹਿੰਦੁਸਤਾਨੀ ਸੰਗੀਤ ਦੇ ਅੰਤਰਗਤ ਵਿਭਿੰਨ ਸੰਗੀਤਕ ਧਾਰਾਵਾਂ ਆਉਂਦੀਆਂ ਹਨ, ਜਿਵੇਂ- ਸ਼ਾਸਤਰੀ ਸੰਗੀਤ, ਉਪ ਸ਼ਾਸਤਰੀ ਸੰਗੀਤ, ਸੁਗਮ ਸੰਗੀਤ ਅਤੇ ਸੂਫ਼ੀ ਸੰਗੀਤ ਆਦਿ। ਇਨ੍ਹਾਂ ਵਿੱਚੋਂ ਸੂਫ਼ੀ ਸੰਗੀਤ ਇੱਕ ਅਧਿਆਤਮਿਕ ਸੰਗੀਤਕ ਵੰਨਗੀ ਹੈ। ਸੂਫ਼ੀਵਾਦ ਅਲੋਕਿਕ ਪ੍ਰੇਮ ਦੇ ਤੱਥ ਉਤੇ ਆਧਾਰਿਤ ਹੈ ਅਤੇ ਇਸ ਕਰਕੇ ਇਸ ਵਿੱਚ ਸੰਗੀਤ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ। ਅੱਲਾਹ-ਪਾਕ ਦੀ ਸ਼ਾਨ ਦੇ ਵਿੱਚ ਗਾਉਣਾ ਹੀ ਕੱਵਾਲੀ ਹੁੰਦੀ ਹੈ। "ਸ਼ੇਖ ਨਿਜ਼ਾਮ-ਉਦ-ਦੀਨ ਚਿਸ਼ਤੀ ਜੀ ਨੇ ਆਪਣੀ ਵਸੀਅਤ ਵਿੱਚ ਲਿਖਿਆ ਸੀ ਕਿ ਉਨ੍ਹਾਂ ਦੇ ਜਨਾਜ਼ੇ ਦੇ ਨਾਲ ਕੱਵਾਲ ਲੋਕ ਗਾਉਂਦੇ ਹੋਏ ਜਾਣੇ ਚਾਹੀਦੇ ਹਨ।"[1]

ਕੱਵਾਲੀ ਸੂਫ਼ੀਮਤ ਦੀ ਇੱਕ ਅਲੱਗ ਅਤੇ ਮਹੱਤਵਪੂਰਨ ਗਾਇਕੀ ਹੈ ਜਿਸਦਾ ਰੂਪ ਅਧਿਆਤਮਿਕ ਹੁੰਦਾ ਹੈ। ਸੂਫ਼ੀ ਸੰਗੀਤ ਦੇ ਅੰਤਰਗਤ ਵਿਭਿੰਨ ਗਾਇਨ ਸ਼ੈਲੀਆਂ ਜਿਵੇਂ ਕੌਲ, ਕੱਵਾਲੀ, ਕਲਵਾਨਾ, ਰੰਗ, ਬਸੀਤ, ਨਕਸ਼-ਗੁਲ, ਨਕਸ਼-ਨਿਗਾਰ, ਧਮਾਲ ਆਦਿ ਪ੍ਰਚੱਲਿਤ ਹਨ, ਪਰੰਤੂ ਕੱਵਾਲੀ ਇੱਕ ਪ੍ਰਮੁੱਖ ਗਾਇਨ ਸ਼ੈਲੀ ਹੈ।

ਕੱਵਾਲੀ ਦਾ ਸ਼ਾਬਦਿਕ ਅਰਥ :- 'ਕੱਵਾਲੀ' ਗਾਇਨ ਸ਼ੈਲੀ ਦੇ ਅਰਥ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਕੱਵਾਲੀ ਸ਼ਬਦ ਦੀ ਉੱਤਪਤੀ ਅਰਬੀ ਭਾਸ਼ਾ ਦੇ ਸ਼ਬਦ ਕੌਲ ਤੋਂ ਹੋਈ ਮੰਨੀ ਜਾਂਦੀ ਹੈ।

'ਕੌਲ' ਸ਼ਬਦ ਦਾ ਅਰਥ : ਡਾ. ਗੀਤਾ ਪੈਂਤਲ ਅਨੁਸਾਰ, ਕਥਨ, ਵਚਨ, ਪ੍ਰਵਚਨ, ਮਕੂਲ, ਪ੍ਰਤਿੱਗਿਆ, ਇਕਰਾਰ, ਬਾਤ ਜਾਂ ਵਾਅਦਾ ਆਦਿ ਹੈ।"[2]

ਅਚਾਰਿਆ ਬ੍ਰਿਹਿਸਪਤੀ ਅਨੁਸਾਰ, "ਕੌਲ' ਸ਼ਬਦ ਦਾ ਅਰਥ ਕਥਨ, ਵਚਨ, ਬਾਤ ਆਦਿ ਹੈ। ਕੌਲ ਨੂੰ ਗਾਉਣ ਵਾਲਾ 'ਕੱਵਾਲ' ਕਹਿਲਾਉਂਦਾ ਹੈ। ਕੱਵਾਲਾਂ ਦੀ ਗਾਇਨ ਸ਼ੈਲੀ ਕੱਵਾਲੀ ਹੈ ਅਤੇ ਉਨ੍ਹਾਂ ਦੁਆਰਾ ਗਾਈਆਂ ਜਾਣ ਵਾਲੀਆਂ ਗ਼ਜ਼ਲਾਂ ਹੀ ਗੇਯ ਰੂਪ ਵਿੱਚ ਕੱਵਾਲੀ ਕਹਿਲਾਉਂਦੀਆਂ ਹਨ।"[3]

ਉਸਤਾਦ ਚਾਂਦ ਖਾਂ ਅਨੁਸਾਰ, "ਕੌਲ ਇੱਕ ਅਧਿਆਤਮਿਕ ਭਾਵ ਹੈ ਜੋ ਕੁਰਾਨ ਅਤੇ ਹਦੀਸ ਦੇ ਨਾਲ ਸੰਬੰਧਿਤ ਹੈ।"[4]

ਅਚਾਰਿਆ ਬ੍ਰਿਹਿਸਪਤੀ ਅਨੁਸਾਰ, "ਕੌਲ' ਅਤੇ 'ਕੱਵਾਲ' ਸ਼ਬਦ ਭਲੇ ਹੀ ਭਾਰਤੀ ਭਾਸ਼ਾ ਦੇ ਸ਼ਬਦ ਨਾ ਹੋਣ ਪਰੰਤੂ ਕੱਵਾਲ ਸ਼ਬਦ ਤੋਂ ਬਾਅਦ 'ਈ ਲਗਾਉਣ ਕਰਕੇ ਹੀ 'ਕੱਵਾਲੀ' ਸ਼ਬਦ ਹਿੰਦੀ ਵਿਆਕਰਣ ਦੇ ਅਨੁਸਾਰ ਬਣ ਜਾਂਦਾ ਹੈ। ਕਿਸੇ ਵੀ ਅਰਬੀ ਜਾਂ ਫ਼ਾਰਸੀ 'ਸ਼ਬਦ ਕੋਸ਼' ਵਿੱਚ ਕੱਵਾਲੀ ਸ਼ਬਦ ਨਹੀਂ ਮਿਲਦਾ ਹੈ।"[5]

ਕੱਵਾਲੀ ਦੇ ਸੰਬੰਧ ਵਿੱਚ ਵਿਦਵਾਨਾਂ ਦੇ ਬਹੁਤ ਸਾਰੇ ਮਤ ਹਨ:

ਸ੍ਰੀ ਸੁਸ਼ੀਲ ਕੁਮਾਰ ਚੌਬੇ ਦੇ ਅਨੁਸਾਰ, "ਕੱਵਾਲੀ ਦਾ ਜਨਮ ਮਜ਼ਾਰ ਉੱਤੇ ਹੋਇਆ ਅਤੇ ਮਜ਼ਾਰ ਉੱਤੇ ਹੀ ਇਸਦਾ ਜੀਵਨ ਬੀਤਿਆ। ਕੱਵਾਲੀ ਵਿੱਚ ਸੂਫ਼ੀਆਂ ਦੀ ਇਸ਼ਕ ਹਕੀਕੀ ਅਤੇ ਪ੍ਰਭੂ ਭਗਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕੱਵਾਲੀ ਮੁਸਲਿਮ ਸੰਤਾਂ ਫ਼ਕੀਰਾਂ ਅਤੇ ਭਗਤਾਂ ਦੇ ਭਗਤੀ ਮਾਰਗ ਦੀ ਸੰਗੀਤਿਕ ਅਤੇ ਪ੍ਰਾਚੀਨ ਗਾਇਨ ਸ਼ੈਲੀ ਹੈ।"[6]

"ਕਾਕ+ਅਲਿ = ਕਾਕਲਿ ਜਿਸਦਾ ਅਰਥ ਹੈ ਕਾਂਵਾਂ ਦਾ ਝੁੰਡ ਅਨੁਮਾਨ ਹੈ ਕਿ ਕੱਵਾਲੀ ਦਾ ਜਨਮ ਇਸੇ ਤੋਂ ਹੀ ਹੋਇਆ ਹੈ। ਮਾਨਵੀ ਸਮਾਜ ਦਾ ਉਹ ਸਮੂਹ ਜੋ ਵਾਚਾਲ ਹੋਵੇ ਉਹ ਕੱਵਾਲ ਕਹਿਲਾਇਆ ਅਤੇ ਹਾਜ਼ਿਰ ਜਵਾਬੀ ਭਰਪੂਰ ਗੁਣਾਂ ਦੇ ਕਰਕੇ ਕੱਵਾਲੀ ਦੀ ਲੋਕਪ੍ਰਿਯਤਾ ਵੱਧਦੀ ਗਈ ਅਤੇ ਇਸਦਾ ਪ੍ਰਚਾਰ-ਪ੍ਰਸਾਰ ਹੌਲੀ-ਹੌਲੀ ਹੁੰਦਾ ਗਿਆ।"[7]

ਕੱਵਾਲੀ ਸੂਫ਼ੀ ਸੰਪਰਦਾਇ ਵਿੱਚ ਬਹੁਤ ਉੱਚਾ ਸਥਾਨ ਰੱਖਦੀ ਹੈ ਕਿਉਂਕਿ ਉਨ੍ਹਾਂ ਨੂੰ ਕੱਵਾਲੀ ਵਿੱਚ ਰੱਬ ਦੇ ਦਰਸ਼ਨ ਹੁੰਦੇ ਹਨ। ਸੂਫ਼ੀ ਸੰਤਾਂ ਫ਼ਕੀਰਾਂ ਨੇ ਕੱਵਾਲੀ ਗਾਇਨ ਸ਼ੈਲੀ ਦਾ ਬਹੁਤ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਿਸ ਨਾਲ ਕੱਵਾਲੀ ਆਮ ਜਨਤਾ ਵਿੱਚ ਗਾਈ ਅਤੇ ਸੁਣਾਈ ਜਾਣ ਲੱਗੀ।

ਕੱਵਾਲੀ ਦਾ ਇਤਿਹਾਸ

ਜਦੋਂ ਅਰਬ ਦੇ ਮੁਸਲਮਾਨਾਂ ਨੇ ਭਾਰਤ ਉੱਤੇ ਹਮਲਾ ਕੀਤਾ ਸੀ ਉਹ ਆਪਣੇ ਨਾਲ ਸੂਫ਼ੀ ਪੀਰਾਂ-ਫ਼ਕੀਰਾਂ ਨੂੰ ਲੈ ਕੇ ਆਏ ਸਨ। ਮੁਹੰਮਦ-ਬਿਨ-ਕਾਸਿਮ ਨੇ 712 ਈ. ਦੇ ਵਿੱਚ ਸਿੰਧ ਉੱਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਬ੍ਰਾਹਮਣਾਂ ਨੂੰ ਉੱਚੇ ਅਹੁਦਿਆਂ `ਤੇ ਨਿਯੁਕਤ ਕੀਤਾ ਅਤੇ ਸ਼ਾਸਨ ਦੇ ਸਾਰੇ ਕੰਮ ਉਨ੍ਹਾਂ ਨੂੰ ਸੌਂਪ ਦਿੱਤੇ। ਅਰਬ ਦੇ ਸੈਨਿਕ ਭਾਰਤ ਵਿੱਚ ਆ ਕੇ ਰਹਿਣ ਲੱਗ ਪਏ ਅਤੇ ਉਨ੍ਹਾਂ ਨੇ ਇਥੋਂ ਦੀਆਂ ਔਰਤਾਂ ਨਾਲ ਵਿਆਹ ਕਰਵਾ ਲਏ। ਨਤੀਜੇ ਵਜੋਂ ਅਰਬ ਅਤੇ ਭਾਰਤ ਦੀਆਂ ਪਰੰਪਰਾਵਾਂ ਦਾ ਮੇਲ ਹੋ ਗਿਆ। ਜਦੋਂ ਬਾਰਵੀਂ ਸ਼ਤਾਬਦੀ ਵਿੱਚ ਮੁਹੰਮਦ ਗੌਰੀ ਨੇ ਭਾਰਤ ਉੱਤੇ ਹਮਲਾ ਕੀਤਾ, ਤਾਂ ਉਹ ਆਪਣੇ ਨਾਲ ਬਹੁਤ ਸਾਰੇ ਕਵੀ ਸੰਗੀਤਕਾਰ, ਸੂਫ਼ੀ ਸੰਤਾਂ ਤੇ ਹੋਰ ਵਿਦਵਾਨਾਂ ਨੂੰ ਲੈ ਕੇ ਆਇਆ। ਸੂਫ਼ੀ ਸੰਤਾਂ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਪਰੰਤੂ ਉਨ੍ਹਾਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਉਸ ਸਮੇਂ ਸੰਗੀਤ ਵਿੱਚ ਸੰਸਕ੍ਰਿਤ ਅਤੇ ਸਨਾਤਨੀ ਗਾਇਨ ਪ੍ਰਣਾਲੀ ਪ੍ਰਚਲਿਤ ਸੀ। ਸੂਫ਼ੀ ਲੋਕ ਸੰਸਕ੍ਰਿਤ ਨਹੀਂ ਜਾਣਦੇ ਸਨ ਇਸ ਲਈ ਉਸ ਸਮੇਂ ਦੀ ਮੂਲ ਗਾਇਨ ਪ੍ਰਣਾਲੀ ਪ੍ਰਬੰਧ ਨੂੰ ਉਹ ਨਹੀਂ ਸਮਝ ਸਕੇ। ਕੱਵਾਲੀ ਦਾ ਭਾਰਤ ਵਿੱਚ ਪ੍ਰਚਾਰ ਖ਼ਵਾਜਾ ਮੁਇਨ-ਉਦ-ਦੀਨ ਚਿਸ਼ਤੀ ਨੇ ਕੀਤਾ। ਭਾਰਤਵਾਸੀ ਪ੍ਰਭੂ ਦੀ ਭਗਤੀ ਅਤੇ ਉਸ ਤੱਕ ਪਹੁੰਚਣ ਦਾ ਉਚਿਤ ਮਾਰਗ ਸੰਗੀਤ (ਭਜਨ-ਕੀਰਤਨ) ਨੂੰ ਹੀ ਮੰਨਦੇ ਸਨ, ਇਹ ਭਾਵਨਾ ਹੀ ਕੱਵਾਲੀ ਦੇ ਵਿਕਾਸ ਲਈ ਕਾਰਗਰ ਸਿੱਧ ਹੋਈ। ਸਾਰੇ ਧਾਰਮਿਕ ਸਥਾਨਾਂ ਉਤੇ ਭਗਤੀ ਪੱਖ ਦੀ ਕੱਵਾਲੀ ਲੋਕਪ੍ਰਿਯ ਹੋਣ ਲੱਗੀ।

ਇਸਦੇ ਸ਼ਬਦ, ਗਾਇਨ ਸ਼ੈਲੀ, ਰਾਗ, ਸਵਰ ਆਦਿ ਇੰਨੇ ਸੁਗਮ ਅਤੇ ਸਰਲ ਸੀ ਕਿ ਸਮਾਜ ਦੇ ਬਹੁਤ ਵਰਗਾਂ ਨੇ ਇਸਨੂੰ ਪਸੰਦ ਕੀਤਾ।

ਹਜ਼ਰਤ ਮੁਇਨ-ਉਦ-ਦੀਨ ਚਿਸ਼ਤੀ ਅਜਮੇਰੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਇੱਥੋਂ ਦੀ ਭਾਸ਼ਾ ਵਿੱਚ ਕੀਤਾ ਅਤੇ ਭਾਰਤ ਵਿੱਚ ਖ਼ਵਾਜਾ ਮੁਇਨ-ਉਦ-ਦੀਨ ਚਿਸ਼ਤੀ ਜੀ ਦੇ ਆਗਮਨ ਤੋਂ ਬਾਅਦ ਹੀ ਸੂਫ਼ੀ ਪਰੰਪਰਾ ਦਾ ਇਤਿਹਾਸ ਮਿਲਦਾ ਹੈ। ਅਚਾਰੀਆ ਬ੍ਰਿਹਿਸਪਤੀ ਅਨੁਸਾਰ, "ਕੁਝ ਵਿਦਵਾਨ ਇਹ ਮੰਨਦੇ ਹਨ ਕਿ ਕੱਵਾਲੀ ਦਾ ਅਵਿਸ਼ਕਾਰ ਹਜ਼ਰਤ ਅਮੀਰ ਖੁਸਰੋ ਨੇ ਕੀਤਾ ਸੀ ਪਰੰਤੂ ਮੁਇਨ-ਉਦ-ਦੀਨ ਚਿਸ਼ਤੀ ਅਜਮੇਰੀ ਜੀ ਦੇ ਸ਼ਿਸ਼ ਹਮੀ-ਉਦ-ਦੀਨ ਨਾਗੋਰੀ ਦੇ ਕੱਵਾਲ ਦਾ ਨਾਮ ਮਹਿਮੂਦ ਸੀ ਜੋ ਕਿ ਫ਼ਾਰਸੀ ਦੀਆਂ ਗ਼ਜ਼ਲਾਂ ਗਾਉਂਦੇ ਸਨ। ਇਹ ਹਜ਼ਰਤ ਅਮੀਰ ਖੁਸਰੋ ਦੇ ਜਨਮ ਤੋਂ ਬਹੁਤ ਪਹਿਲਾਂ ਹੀ ਮੁਸਲਿਮ ਦਰਬਾਰਾਂ ਤੇ ਸੂਫ਼ੀਆਂ ਦੀਆਂ ਖ਼ਾਨਗਾਹਾਂ ਵਿੱਚ ਆਪਣੇ ਗਾਇਨ ਦੀ ਧੁੰਮ ਮਚਾ ਰਹੇ ਸਨ।"[8]

ਭਾਰਤੀ ਸੰਗੀਤ ਵਿੱਚ ਕਿਸ ਤਰ੍ਹਾਂ ਸੂਫ਼ੀ ਸੰਗੀਤ ਨੇ ਆਪਣਾ ਸਥਾਨ ਬਣਾਇਆ ਉਸ ਬਾਰੇ ਮੁਹੰਮਦ ਕਰਮ ਇਮਾਮ ਨੇ ਆਪਣੀ ਕਿਤਾਬ "ਮੁਆਦਨੁਲ ਮੂਸਿਕੀ" ਵਿੱਚ ਕਿਹਾ ਹੈ ਕਿ "ਅਮੀਰ ਖੁਸਰੋ ਨੇ ਹਿੰਦੁਸਤਾਨੀ ਧਰੁਪਦ, ਦੋਹਾ, ਮਾਠਾ, ਛੰਦ, ਪ੍ਰਬੰਧ ਅਤੇ ਕਵਿਤਾ ਦੀ ਜਗ੍ਹਾ ਖਿਆਲ, ਕੌਲ, ਨਕਸ਼-ਗੁਲ, ਕਲਬਾਨਾ ਅਤੇ ਤਰਾਨੇ ਨੂੰ ਪ੍ਰਚੱਲਿਤ ਕੀਤਾ ਸੀ। ਇਸ ਤਰ੍ਹਾਂ ਅਮੀਰ ਖੁਸਰੋ ਜੀ ਨੇ ਜੋ ਪਰਿਵਰਤਨ ਕੀਤੇ, ਉਨ੍ਹਾਂ ਨੂੰ ਮੁਸਲਮਾਨਾਂ ਨੇ "ਇਲਮ-ਏ-ਖੁਸਰੋ" ਅਤੇ ਹਿੰਦੂਆਂ ਨੇ "ਇੰਦਰਪ੍ਰਸਤ-ਮੱਤਾ" ਕਿਹਾ ਹੈ ਇਨ੍ਹਾਂ ਪੱਧਤੀਆਂ ਵਿੱਚ ਗਾਉਣ ਵਜਾਉਣ ਵਾਲੇ ਲੋਕ ਕੱਵਾਲ ਕਹਿਲਾਏ।"[9]

ਡੋਮ ਅਤੇ ਢਾਰੀ (ਢਾਡੀ) ਨਾਮਕ ਸੰਗੀਤ ਜੀਵੀ ਜਾਤੀਆਂ ਨੂੰ ਮੁਇਨ-ਉਦ-ਦੀਨ ਚਿਸ਼ਤੀ ਅਜਮੇਰੀ ਨੇ ਕੱਵਾਲੀ ਗਾਇਨ ਲਈ ਪ੍ਰੇਰਿਤ ਕੀਤਾ। ਡੋਮ ਅਤੇ ਢਾਰੀ ਨਾਮਕ ਜਾਤੀਆਂ ਨੂੰ ਭਜਨ ਕੀਰਤਨ ਕਰਨ ਦਾ ਅਧਿਕਾਰ ਪ੍ਰਾਪਤ ਸੀ ਅਤੇ ਇਹ ਲੋਕ ਭਗਵਤ ਪ੍ਰੇਮ ਵਿੱਚ ਮਸਤ ਹੋ ਕੇ ਨੱਚਦੇ ਸਨ। ਮੁਸਲਮਾਨ ਬਣਨ ਤੋਂ ਬਾਅਦ ਵੀ ਇਹ ਲੋਕ ਸੂਫ਼ੀ ਸੰਤਾਂ ਦੇ ਅੱਗੇ ਭਗਤੀਪੂਰਣ ਸੰਗੀਤ ਹੀ ਸੁਣਾਉਂਦੇ ਸਨ। ਅਬੁਲ ਫ਼ਜ਼ਲ ਨੇ ਆਪਣੇ ਯੁੱਗ ਦੇ ਸਾਰੇ ਕੱਵਾਲਾਂ ਦੀ ਗਣਨਾ ਢਾਰੀਆਂ ਵਿੱਚ ਹੀ ਕੀਤੀ ਹੈ। ਸੂਫ਼ੀ ਸੰਤਾਂ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਖੇਤਰੀ ਭਾਸ਼ਾਵਾਂ ਦਾ ਸਹਾਰਾ ਲਿਆ ਸੀ। ਫ਼ਾਰਸੀ ਵਿੱਚ ਗ਼ਜ਼ਲਾਂ ਗਾਉਣ ਵਾਲੇ ਗਾਇਕ ਬੇਸ਼ੱਕ ਹੀ ਦਰਬਾਰਾਂ ਦੀ ਸ਼ੋਭਾ ਹੁੰਦੇ ਸਨ, ਪਰੰਤੂ ਸਾਧਾਰਣ ਲੋਕਾਂ ਲਈ ਇਹ ਗ਼ਜ਼ਲਾਂ ਅਰਥਹੀਣ ਸਨ। ਇਸ ਕਰਕੇ ਸੂਫ਼ੀਆਂ ਨੇ ਪ੍ਰਚਾਰ ਕਰਨ ਲਈ ਹਿੰਦੀ, ਪੰਜਾਬੀ ਅਤੇ ਹੋਰ ਖੇਤਰੀ ਭਾਸ਼ਾਵਾਂ ਦਾ ਸਹਾਰਾ ਲਿਆ।

ਯੋਗਿੰਦਰ ਪਾਲ ਸ਼ਰਮਾ ਆਪਣੀ ਪੁਸਤਕ ਵਿੱਚ ਲਿਖਦੇ ਹਨ ਕਿ, "ਕੁਤੁਬਦੀਨ ਐਬਕ ਦਾ ਰਾਜ ਕਾਲ 1206 ਤੋਂ 1210 ਤੱਕ ਦਾ ਸੀ, ਉਹ ਖ਼ਵਾਜਾ ਬਖ਼ਤਿਆਰ ਕਾਕੀ ਦਾ ਚੇਲਾ ਸੀ। ਕੁਤੁਬਦੀਨ ਐਬਕ ਨੇ ਬਹੁਤ ਸਾਰੀਆਂ ਖ਼ਾਨਗਾਹਾਂ, ਮਸਜਿਦਾਂ ਅਤੇ ਮਦਰੱਸਿਆਂ ਦੀ ਸਥਾਪਨਾ ਕੀਤੀ। ਜਿਸ ਕਾਰਨ ਕੱਵਾਲੀ ਦਾ ਪ੍ਰਚਾਰ ਤੇ ਪ੍ਰਸਾਰ ਵਧਿਆ, ਸ਼ਮਸੂਦੀਨ ਅਲਤਮਸ਼ ਵੀ ਖ਼ਵਾਜਾ ਬਖ਼ਤਿਆਰ ਕਾਕੀ ਜੀ ਦਾ ਮੁਰੀਦ ਸੀ। ਉਹ ਵੀ ਸੰਗੀਤ ਦਾ ਬਹੁਤ ਦੀਵਾਨਾ ਸੀ, ਜਿਸ ਦੇ ਕਾਰਨ ਉਹ ਕਿਰਿਆਤਮਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਪੱਖਾਂ ਦਾ ਵਿਖਿਆਨ ਮਹਿਫ਼ਿਲਾਂ ਦਾ ਆਯੋਜਨ ਕਰਵਾ ਕੇ ਕਰਦਾ ਸੀ।"[10] ਇਨ੍ਹਾਂ ਮਹਿਫ਼ਿਲਾਂ ਦੇ ਸਦਕਾ ਕੱਵਾਲੀ ਦਾ ਪ੍ਰਚਾਰ ਦਿਨੋ-ਦਿਨ ਵਧਦਾ ਗਿਆ ਅਤੇ ਕੱਵਾਲੀ ਹਰ ਆਮ ਤੇ ਖਾਸ ਵਿਅਕਤੀ ਦੇ ਜੀਵਨ ਵਿੱਚ ਮਹੱਤਵਪੂਰਨ ਸਥਾਨ ਰੱਖਣ ਲੱਗੀ।

ਅਮੀਰ ਖੁਸਰੋ ਨੇ ਭਾਰਤ ਵਿੱਚ ਕੱਵਾਲੀ ਗਾਇਨ ਨੂੰ ਉੱਚਾਈਆਂ ਤੇ ਪਹੁੰਚਾਇਆ ਪਰ ਇਸਦਾ ਭਾਵ ਇਹ ਨਹੀਂ ਹੈ ਕਿ ਉਨ੍ਹਾਂ ਨੇ ਹੀ ਕੱਵਾਲੀ ਗਾਇਨ ਸ਼ੈਲੀ ਦਾ ਅਵਿਸ਼ਕਾਰ ਕੀਤਾ ਹੈ। ਇਹ ਹੋ ਸਕਦਾ ਹੈ ਕਿ ਫ਼ਾਰਸੀ ਦੇ ਵਿੱਚ ਕੱਵਾਲੀ ਇੱਕ ਪ੍ਰਚੱਲਿਤ ਗਾਇਨ ਸ਼ੈਲੀ ਰਹੀ ਹੋਵੇ। ਭਾਰਤ ਵਿੱਚ ਪਹਿਲਾਂ ਤੋਂ ਹੀ ਵਪਾਰੀ ਲੋਕ ਵਪਾਰ ਕਰਨ ਲਈ ਆਉਂਦੇ ਸਨ ਅਤੇ ਉਹ ਲੋਕ ਆਪਣੇ ਮਨੋਰੰਜਨ ਦੇ ਲਈ ਗਾਉਂਦੇ ਵਜਾਉਂਦੇ ਵੀ ਹੋਣਗੇ। ਹੁਣ ਜੇਕਰ ਇਹ ਮੰਨਿਆ ਜਾਵੇ ਕਿ ਉਹ ਲੋਕ ਕੱਵਾਲੀ ਵੀ ਗਾਉਂਦੇ ਹੋਣਗੇ ਤਾਂ ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿਉਂਕਿ ਕੱਵਾਲੀ ਸਮੂਹ ਵਿੱਚ ਗਾਈ ਜਾਣ ਵਾਲੀ ਗਾਇਨ ਸ਼ੈਲੀ ਹੈ। ਇਸਨੂੰ ਬਹੁਤ ਸਾਰੇ ਲੋਕ ਇਕੱਠੇ ਮਿਲ ਬੈਠ ਕੇ ਗਾਉਂਦੇ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਮੁੱਖ ਗਾਇਕ ਹੁੰਦਾ ਹੈ, ਜਿਸ ਤਰ੍ਹਾਂ ਅੱਜ ਅਸੀਂ ਕੱਵਾਲੀ ਵਿੱਚ ਵੇਖਦੇ ਹਾਂ। ਅਮੀਰ ਖੁਸਰੋ ਜੀ ਨੂੰ ਕੱਵਾਲੀ ਦਾ ਪ੍ਰਚਾਰ

ਕਰਨ ਦਾ ਅਵਸਰ ਇਸ ਲਈ ਪ੍ਰਾਪਤ ਹੋਇਆ ਸੀ ਕਿਉਂਕਿ ਉਹ ਦਰਬਾਰੀ ਕਵੀ ਅਤੇ ਸੰਗੀਤਕਾਰ ਸਨ। ਕੱਵਾਲੀ ਗਾਇਨ ਸ਼ੈਲੀ ਨੂੰ ਪ੍ਰਭਾਵਪੂਰਣ ਢੰਗ ਨਾਲ ਪ੍ਰਚਾਰਿਤ ਕਰਨ ਕਾਰਨ ਇਸਦਾ ਨਾਂ ਆਪਣੇ ਆਪ ਹੀ ਇਨ੍ਹਾਂ ਦੇ ਨਾਲ ਜੁੜ ਗਿਆ।

ਕੱਵਾਲੀ ਨਾਲ ਮਿਲਦੀਆਂ-ਜੁਲਦੀਆਂ ਗਾਇਨ ਸ਼ੈਲੀਆਂ :

ਕੱਵਾਲੀ ਗਾਇਨ ਸ਼ੈਲੀ ਨਾਲ ਮਿਲਦੀਆਂ ਜੁਲਦੀਆਂ ਗਾਇਨ ਸ਼ੈਲੀਆਂ ਕਲਵਾਨਾ, ਨਕਸ਼-ਏ-ਗੁਲ, ਨਕਸ਼-ਏ-ਨਿਗਾਰ, ਬਸੀਤ, ਰੰਗ, ਧਮਾਲ, ਹਮਦ, ਨਾਅਤ, ਮਧਾ, ਮਨਕਵੱਤ, ਸਲਾਮ ਆਦਿ ਹਨ। ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਗਾਇਨ ਸ਼ੈਲੀਆਂ ਦਾ ਅਵਿਸ਼ਕਾਰ ਅਮੀਰ ਖੁਸਰੋ ਨੇ ਕੀਤਾ। ਇਹ ਗਾਇਨ ਸ਼ੈਲੀਆਂ ਕੱਵਾਲੀ ਦਾ ਹੀ ਇੱਕ ਹਿੱਸਾ ਹਨ। ਜਦੋਂ ਕੱਵਾਲੀ ਦੀ ਮਹਿਫ਼ਿਲ ਹੁੰਦੀ ਹੈ ਉਸ ਸਮੇਂ ਕੱਵਾਲ ਪੀਰਾਂ-ਫ਼ਕੀਰਾਂ ਦੀਆਂ ਖ਼ਾਨਗਾਹਾਂ ਵਿੱਚ ਇਨ੍ਹਾਂ ਦਾ ਗਾਇਨ ਕਰਦੇ ਹਨ।

ਨਾਅਤ: ਰਸੂਲ ਇੱਲਾਹ ਪਾਕ ਦੀ ਸਿਫ਼ਤ ਨੂੰ ਨਾਅਤ ਕਿਹਾ ਜਾਂਦਾ ਹੈ ਦੂਜੇ ਸ਼ਬਦਾਂ ਵਿੱਚ ਮੁਹੰਮਦ ਸਾਹਿਬ ਦੀ ਸਿਫ਼ਤ ਵਿੱਚ ਜਦੋਂ ਕੱਵਾਲ ਗਾਉਂਦੇ ਹਨ ਉਸ ਨੂੰ ਨਾਅਤ ਕਹਿੰਦੇ ਹਨ, ਜਿਵੇਂ:

ਸੋਹਣਿਆਂ ਤੋਂ ਸੋਹਣਾ ਮੇਰਾ ਨਬੀ
ਪਿਆਰਿਆਂ ਤੋਂ ਪਿਆਰਾ ਮੇਰਾ ਨਬੀ।

ਮਧਾ : ਜਿਸ ਕੱਵਾਲੀ ਵਿੱਚ ਹਜ਼ਰਤ ਜਨਾਬ ਗੋਂਸ ਪਾਕ ਸਰਕਾਰ ਦੀ ਸਿਫ਼ਤ ਕੱਵਾਲ ਲੋਕ ਗਾਇਨ ਰੂਪ ਵਿੱਚ ਕਰਦੇ ਹਨ ਉਸ ਨੂੰ ਮਧਾ ਕਿਹਾ ਜਾਂਦਾ ਹੈ, ਜਿਵੇਂ :

ਆਵੋ ਨੀ ਸਈਓ ਬਗਦਾਦ ਨੂੰ ਚੱਲੀਏ ਜਿੱਥੇ ਗੋਂਸ ਮੀਰਾ ਦਾ ਡੇਰਾ
ਵੰਡਦਾ ਰੋਜ਼ ਖਜ਼ਾਨੇ ਮੀਰਾ, ਉੱਥੇ ਰਹਿੰਦਾ ਨਿੱਤ ਸਵੇਰਾ
ਨੀ ਉਹ ਚੋਰਾਂ ਨੂੰ ਕੁਤੁਬ ਬਣਾਵੇ ਪਲ ਵਿੱਚ ਉਹਦੇ ਸਿਰ
ਪੰਜ ਤਨ ਦਾ ਸਿਹਰਾ।

ਹਦੀਸ: ਕੱਵਾਲ ਸ਼ਕੀਲ ਸਾਬਰੀ ਦੇ ਅਨੁਸਾਰ, ਜਿਹੜੇ ਸ਼ਬਦ ਜਾਂ ਵਚਨ 'ਮੁਹੰਮਦ ਸੱਲੇ ਅੱਲਾਹ ਬਸੱਲਮ ਹਜ਼ਰਤ ਮੁਹੰਮਦ ਸਾਹਿਬ' ਜੀ ਦੀ ਮੁਬਾਰਿਕ ਜ਼ੁਬਾਨ ਤੋਂ ਆਪਣੀ ਜਮਾਤ ਵਿੱਚ ਆਪ ਮੁੱਖੋਂ ਫਰਮਾਉਂਦੇ ਹਨ, ਉਨ੍ਹਾਂ ਵਚਨਾਂ ਨੂੰ ਹਦੀਸ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਇੱਕ ਹਦੀਸ ਜਿਸਨੂੰ ਅਮੀਰ ਖੁਸਰੋ ਨੇ ਸੁਰਬੱਧ ਤੇ ਤਾਲਬੱਧ ਕੀਤਾ ਹੈ ਤੇ ਨਾਲ ਹੀ ਤਰਾਨੇ ਦਾ ਇਸ ਵਿੱਚ ਪ੍ਰਯੋਗ ਕੀਤਾ, ਉਹ ਇਸ ਪ੍ਰਕਾਰ ਹੈ :

ਮਨ ਕੁੰਨਤੋਂ ਮੌਲਾ,
ਫਾ-ਹਾਜ਼ਾ ਅਲੀ ਯੁਨ ਮੌਲਾ
ਦਰਾ ਦਿਲ ਦਰਾ ਦਿਲ ਦਰ ਦਾਨੀ
ਓਮ ਤੋਮ ਤਾ ਨਾ ਨਾ ਨਾਨਾ ਤਾਨਾ ਨਾਨਾ ਰੇ।

ਧਮਾਲ : ਕਲੰਦਰੀ ਸਿਲਸਿਲੇ ਦੀਆਂ ਮਹਿਫ਼ਿਲਾਂ ਵਿੱਚ ਧਮਾਲ ਪਾਉਣ ਦੀ ਪ੍ਰਥਾ ਹੈ। ਧਮਾਲ' ਉਸ ਗਾਣੇ ਦਾ ਨਾਮ ਹੈ ਜੋ ਸੂਫ਼ੀਆਂ ਦੀ ਮਹਿਫ਼ਿਲ 'ਹਾਲ' ਵਿੱਚ ਗਾਇਆ ਜਾਂਦਾ ਹੈ। ਧਮਾਲ ਦਾ ਮਤਲਬ ਜੋਸ਼ ਵਿੱਚ ਨੱਚਣਾ ਜਾਂ ਝੂੰਮਣਾ ਵੀ ਹੈ। ਜਦੋਂ ਸੂਫ਼ੀਆਨੇ ਦੇ ਅੰਦਰ ਜਾ ਕੇ ਸੂਫ਼ੀਆ-ਏ-ਕਰਾਮ ਖੜੇ ਹੋ ਕੇ ਇੱਕ ਦੂਸਰੇ ਦਾ ਹੱਥ ਪਕੜ ਕੇ ਅਤੇ ਹਲਕਾ ਜਿਹਾ ਘੇਰਾ ਬਣਾ ਕੇ ਨੱਚਦੇ ਹਨ ਅਤੇ ਸਾਰਿਆਂ ਦੇ ਪੈਰ ਕੱਵਾਲ ਦੇ ਗਾਇਨ ਦੇ ਵਜ਼ਨ ਨਾਲ ਉੱਠਦੇ ਹਨ ਅਤੇ ਵੱਧਦੇ ਹਨ, ਤਦ ਉਸ ਗਾਣੇ ਦੇ ਨਾਲ ਤਬਲੇ ਜਾਂ ਢੋਲਕ ਨਾਲ ਜੋ ਤਾਲ ਵਜਾਈ ਜਾਂਦੀ ਹੈ ਉਸ ਤਾਲ ਦਾ ਨਾਮ ਵੀ ਧਮਾਲ ਹੁੰਦਾ ਹੈ। ਉਦਾਹਰਨ ਵਜੋਂ:

ਮੇਰਾ ਦਿੱਲ ਮੇਰੀ ਜਾਨ ਏ ਮਸਤ ਕਲੰਦਰ ਲਾਲ
ਹੱਕ ਸੱਚ ਦੀ ਪਛਾਣ ਏ ਮਸਤ ਕਲੰਦਰ ਲਾਲ।

ਮਨਕਵੱਤ: ਕੱਵਾਲ ਬਹੁਤ ਸਾਰੀਆ ਮਹਿਫ਼ਿਲਾਂ ਅਤੇ ਦਰਗਾਹਾਂ ਤੇ ਕੱਵਾਲੀ ਗਾਉਣ ਜਾਂਦੇ ਹਨ ਅਤੇ ਹਰ ਦਰਬਾਰ ਦੇ ਮੋਢੀ ਤੇ ਪੀਰ ਅਲੱਗ-ਅਲੱਗ ਹੁੰਦੇ ਹਨ। ਕੱਵਾਲ ਜਿਸ ਵੀ ਜਗ੍ਹਾ ਤੇ ਜਾਂਦੇ ਹਨ ਉਸ ਦਰਬਾਰ ਨਾਲ ਸੰਬੰਧਿਤ ਪੀਰਾਂ-ਫ਼ਕੀਰਾਂ ਦੀ ਸਿਫ਼ਤ ਵਿੱਚ ਕਲਾਮ ਗਾਉਂਦੇ ਹਨ।ਜਦੋਂ ਕੱਵਾਲ ਆਪਣਾ ਮਨੋਭਾਵਾਂ ਨੂੰ ਗਾਇਨ ਦੇ ਮਾਧਿਅਮ ਰਾਹੀਂ ਵਿਅਕਤ ਕਰਦੇ ਹਨ ਉਨ੍ਹਾਂ ਕਲਾਮਾਂ ਨੂੰ ਮਨਕਵੱਤ ਕਿਹਾ ਜਾਂਦਾ ਹੈ ਜਿਵੇਂ :

ਨਾ ਕਰਨਾ ਚਰਣੋਂ ਸੇ ਅਬ ਜੁਦਾ,
ਓ ਕਲਿਅਰ ਕੇ ਰਾਜਾ।

ਰੰਗ: ਰੰਗ ਹਜ਼ਰਤ ਅਮੀਰ ਖ਼ੁਸਰੋ ਜੀ ਦੀ ਰਚਨਾ ਹੈ ਜਦੋਂ ਮਹਿਫ਼ਿਲ-ਏ-ਸਮਾਅ ਦੀ ਸਮਾਪਤੀ ਹੋਣ ਵਾਲੀ ਹੁੰਦੀ ਹੈ, ਉਸ ਸਮੇਂ ਕੱਵਾਲ ਰੰਗ ਗਾਉਂਦੇ ਹਨ, ਰੰਗ ਨੂੰ ਸ਼ਿਜਰਾ ਵੀ ਕਿਹਾ ਜਾਂਦਾ ਹੈ ਤੇ ਜਿਸਦਾ ਅਰਥ ਹੈ ਵੰਸ਼ਾਵਲੀ। ਰੰਗ ਗਾਉਣ ਦੀ ਪ੍ਰਥਾ ਪੁਰਾਣੇ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤੱਕ ਉਸੇ ਢੰਗ ਨਾਲ ਚੱਲੀ ਆ ਰਹੀ ਹੈ। ਰੰਗ ਗਾਉਣ ਦੀ ਪ੍ਰਥਾ ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤੱਕ ਉਸੀ ਢੰਗ ਨਾਲ ਚਲੀ ਆ ਰਹੀ ਹੈ। ਰੰਗ ਦੀ ਰਚਨਾ ਕਰਦੇ ਸਮੇਂ ਅਮੀਰ ਖ਼ੁਸਰੋ ਜੀ ਨੇ ਰਾਗ ਗਾਰਾ ਅਤੇ ਤਿੰਨ ਤਾਲ ਦਾ ਪ੍ਰਯੋਗ ਕੀਤਾ ਹੈ। ਜ਼ਿਆਦਾਤਰ ਕੱਵਾਲ ਰੰਗ ਹਰ ਮਹਿਫ਼ਿਲ ਵਿੱਚ ਗਾਉਂਦੇ ਹਨ। ਕਲਾਕਾਰ ਸ਼ੇਰ ਅਲੀ, ਮੇਹਰ ਅਲੀ, ਨੁਸਰਤ ਫਤਿਹ ਅਲੀ, ਰਈਸ ਮੀਆਂ ਕੱਵਾਲ, ਆਬੀਦਾ ਪਰਵੀਨ, ਸ਼ੋਕਤ ਅਲੀ ਮਤੋਈ, ਕਰਾਮਤ ਫ਼ਕੀਰ, ਹਰਮੇਸ਼ ਰੰਗੀਲਾ, ਤਾਹਿਰ ਕੱਵਾਲ, ਆਰਿਫ਼ ਖਾਨ ਕੱਵਾਲ ਆਦਿ ਕਲਾਕਾਰਾਂ ਨੇ ਇਸਦਾ ਗਾਇਨ ਬਾਖ਼ੂਬੀ ਕੀਤਾ ਤੇ ਇਹ ਗਾਇਨ ਸ਼ੈਲੀ ਬਹੁਤ ਜ਼ਿਆਦਾ ਮਕਬੂਲ ਹੋਈ ਉਦਾਹਰਨ ਵਜੋਂ :

ਆਜ ਰੰਗ ਹੈ ਹੇ ਮਾਂ ਰੰਗ ਹੈ ਰੀ
ਮੋਰੇ ਖ਼ਵਾਜਾ ਪੀਆ ਕੇ ਘਰ ਰੰਗ ਹੈ।

ਹਮਦ: 'ਹਮਦ' ਅੱਲਾ ਪਾਕ ਦੀ ਸਿਫਤ ਨੂੰ ਕਿਹਾ ਜਾਂਦਾ ਹੈ ਇਸ ਵਿੱਚ ਹੋਰ ਕਿਸੇ ਦਾ ਵੀ ਨਾਮ ਨਹੀਂ ਲਿਆ ਜਾਂਦਾ। ਉਦਾਹਰਨ ਵਜੋਂ :

ਮੇਰੇ ਅੱਲਾਹ, ਮੇਰੇ ਅੱਲਾਹ, ਅੱਲਾਹ
ਜਿਸਮ ਮੇਂ ਮੇਰੇ ਜਬ ਤਕ ਯੇ ਜਾਨ ਰਹੇ
ਤੇਰੇ ਸਦਕੇ ਤੇਰੇ ਮਹਿਬੂਬ ਪੇ ਕੁਰਬਾਨ ਰਹੇ
ਕੁਛ ਰਹੇ ਨਾ ਰਹੇ ਯੇ ਦੁਆ ਹੈ ਅਲੀ
ਨਿਜ਼ਾ ਕੇ ਵਖ਼ਤ ਸਲਾਮਤ ਮੇਰਾ ਈਮਾਨ ਰਹੇ।

ਕਲਵਾਨਾ: ਇਸ ਗਾਇਨ ਸ਼ੈਲੀ ਵਿੱਚ ਅਰਬੀ ਤੇ ਹਿੰਦੀ ਭਾਸ਼ਾ ਦਾ ਮਿਸ਼ਰਣ ਹੁੰਦਾ ਹੈ ਅਤੇ ਇਸ ਵਿੱਚ ਕਈ ਤਾਲਾਂ ਸ਼ਾਮਿਲ ਹੁੰਦੀਆਂ ਹਨ। "ਕਲਵਾਨਾ ਦਾ ਅਸਲ ਨਾਮ 'ਕਲਬਹੁ' ਹੈ।"[11] ਇਸ ਵਿੱਚ ਇਕ ਤੋਂ ਜ਼ਿਆਦਾ ਤਾਲਾਂ ਦਾ ਪ੍ਰਯੋਗ ਹੋਣ ਕਾਰਨ ਇਸਨੂੰ 'ਤਾਲ ਸਾਗਰਾ ਵੀ ਕਹਿੰਦੇ ਹਨ। ਇਸਦੇ ਹਰ ਟੁਕੜੇ ਵਿੱਚ ਇਸਦੀ ਤਾਲ ਬਦਲ ਜਾਂਦੀ ਹੈ। ਇਸ ਕਾਰਨ ਇਹ ਅੱਜ ਕੱਲ ਬਹੁਤ ਘੱਟ ਪ੍ਰਚਾਰ ਵਿੱਚ ਹੈ।

ਸਲਾਮ: 'ਸਲਾਮ' ਦਾ ਮਤਲਬ ਕਿਸੇ ਵੱਡੇ-ਵਡੇਰੇ ਅੱਗੇ ਝੁਕਣਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ 'ਕੱਵਾਲ' ਸੂਫ਼ੀ ਪੀਰਾਂ-ਫ਼ਕੀਰਾਂ ਦੀ ਦਰਗਾਹ ਤੇ ਜਾਂਦੇ ਹਨ ਉਸ ਸਮੇਂ ਸਲਾਮ ਪੜ੍ਹਦੇ ਹਨ। ਸਲਾਮ ਮਹਿਫ਼ਲ ਦੀ ਸ਼ੁਰੂਆਤ ਵਿੱਚ ਵੀ ਪੜ੍ਹਿਆ ਜਾ ਸਕਦਾ ਹੈ ਜਾਂ ਬਾਅਦ ਵਿੱਚ ਵੀ ਜ਼ਿਆਦਾਤਰ ਕੱਵਾਲ ਮਹਿਫ਼ਿਲ ਦੀ ਸਮਾਪਤੀ ਸਮੇਂ ਹੀ ਸਲਾਮ ਪੜ੍ਹਦੇ ਹਨ ਉਦਾਹਰਨ ਵਜੋਂ :

ਅਸਲਾਮ-ਅਸਲਾਮ ਮੇਰੀ ਅਸਲਾਮ
ਤੇਰੇ ਦਰ ਪੇ ਬਾਰ-ਬਾਰ ਅਸਲਾਮ
ਜੋ ਤੇਰੇ ਇਸ਼ਕ ਮੇਂ ਤੇਰਾ ਜ਼ਿਕਰ ਕਰਤੀ ਹੈ ਉਸ ਜ਼ੁਬਾਂ ਕੋ ਸਲਾਮ
ਜਿਸ ਜਗ੍ਹਾ ਪੇ ਤੂੰ ਰਹਿਤਾ ਹੈ ਉਸ ਜਗ੍ਹਾ ਕੋ ਸਲਾਮ

ਅਸਲਾਮ-ਅਸਲਾਮ ਮੇਰੀ ਅਸਲਾਮ।

ਨਕਸ਼-ਏ-ਗੁਲ : ਨਕਸ਼-ਏ-ਗੁਲ ਵਿੱਚ ਫ਼ਾਰਸੀ ਦੇ ਸ਼ਬਦ ਹੁੰਦੇ ਹਨ। ਜਿਸ ਗੀਤ ਵਿੱਚ ਫ਼ਾਰਸੀ ਭਾਸ਼ਾ ਦਾ ਸਿਰਫ ਇੱਕ ਸ਼ੇਅਰ ਹੁੰਦਾ ਹੈ ਉਸ ਨੂੰ ਨਕਸ਼ ਅਤੇ ਜਿਸ ਵਿੱਚ ਫ਼ਾਰਸੀ ਦੀ 'ਰੁਬਾਈ' ਹੋਵੇ ਉਸਨੂੰ ਨਕਸ਼-ਏ-ਗੁਲ ਕਹਿੰਦੇ ਹਨ। ਇਸ ਵਿੱਚ ਤਾਲ ਨਹੀਂ ਬਦਲਦੀ, ਇਹ ਗਾਇਨ ਸ਼ੈਲੀ ਬਹਾਰ ਰੁੱਤ ਦੇ ਰਾਗਾਂ ਵਿੱਚ ਗਾਈ ਜਾਂਦੀ ਹੈ ਅਤੇ ਇਸ ਦੇ ਦੋ ਭਾਗ ਸਥਾਈ ਅਤੇ ਅੰਤਰਾ ਹੁੰਦੇ ਹਨ।

ਨਕਸ਼-ਏ-ਨਿਗਾਰ : ਇਹ ਗਾਣਾ ਫ਼ਾਰਸੀ ਜ਼ੁਬਾਨ ਵਿੱਚ ਹੁੰਦਾ ਹੈ ਜਿਸ ਵਿੱਚ ਫ਼ਾਰਸੀ ਦਾ ਇੱਕ ਸ਼ੇਅਰ ਜਾਂ ਰੁਬਾਈ ਹੁੰਦੀ ਹੈ। ਜੇਕਰ ਇੱਕ ਸ਼ੇਅਰ ਹੋਵੇ ਤਾਂ ਉਸ ਦਾ ਇੱਕ ਮਿਸਰਾ ਸਥਾਈ ਵਿੱਚ ਅਤੇ ਦੂਸਰਾ ਮਿਸਰਾ ਅੰਤਰੇ ਵਿੱਚ ਹੁੰਦਾ ਹੈ। ਜੇਕਰ ਰੁਬਾਈ ਹੋਵੇ ਤਾਂ ਦੋ ਮਿਸਰੇ ਸਥਾਈ ਵਿੱਚ ਅਤੇ ਦੋ ਮਿਸਰੇ ਅੰਤਰੇ ਵਿੱਚ ਹੁੰਦੇ ਹਨ। ਨਕਸ਼-ਏ-ਨਿਗਾਰ, ਵਰਖਾ ਰੁੱਤ ਦੇ ਰਾਗਾਂ ਵਿੱਚ ਗਾਇਆ ਜਾਂਦਾ ਹੈ।

ਬਸੀਤ : ਬਸੀਤ ਚਤੁਰੰਗ ਗਾਇਨ ਸ਼ੈਲੀ ਵਰਗੀ ਹੀ ਇਕ ਕਿਸਮ ਹੈ। ਇਸ ਵਿੱਚ ਕਈ ਰਾਗ ਸ਼ਾਮਿਲ ਕੀਤੇ ਜਾਂਦੇ ਹਨ। ਚਤੁਰੰਗ ਵਿੱਚ ਚਾਰ ਅੰਗ ਹੁੰਦੇ ਹਨ ਜੋ ਬਸੀਤ ਵਿੱਚ ਹਰ ਟੁਕੜੇ ਵਿੱਚ ਅਲੱਗ-ਅਲੱਗ ਰਾਗ ਵਿੱਚ ਵੱਖਰੀ-ਵੱਖਰੀ ਬੰਦਿਸ਼ ਦੀ ਸੂਰਤ ਵਿੱਚ ਹੁੰਦੇ ਹਨ। ਇਸ ਕਾਰਨ ਹੀ ਵਿਦਵਾਨ ਬਸੀਤ ਨੂੰ 'ਰਾਗ ਸਾਗਰ' ਵੀ ਕਹਿੰਦੇ ਹਨ।

ਸੀਹਰਫੀ: ਸੀਹਰਫੀ ਅਨਿਬੱਧ ਗਾਇਨ ਰੂਪ ਹੈ ਜਿਸਦਾ ਗਾਇਨ ਬਿਨਾਂ ਤਾਲ ਤੋਂ ਕੀਤਾ ਜਾਂਦਾ ਹੈ। ਸੀਹਰਫ਼ੀ ਨੂੰ ਜੇਕਰ ਪਰਿਭਾਸ਼ਿਤ ਕੀਤਾ ਜਾਵੇ ਤਾ ਸੀਹਰਫ਼ੀ ਅਸਲ ਵਿੱਚ ਫ਼ਾਰਸੀ ਜ਼ੁਬਾਨ ਦਾ ਕਾਵਿ ਰੂਪ ਹੈ। ਇਸ ਵਿੱਚ 'ਸੀ' ਦਾ ਅਰਥ 30 ਹੈ ਅਤੇ ਹਰਫ਼ ਦਾ ਅਰਥ ਹੈ ਅੱਖਰ। ਇਹ 30 ਅੱਖਰਾਂ ਦੀ ਵਰਣਮਾਲਾ ਹੈ। ਇਸ ਸੀਹਰਫ਼ੀ ਨੂੰ ਆਮ ਜ਼ੁਬਾਨ ਵਿੱਚ 30 ਅੱਖਰੀ ਵੀ ਕਿਹਾ ਜਾਂਦਾ ਹੈ ਉਦਾਹਰਨ ਵਜੋਂ :

ਅਲਫ਼ : ਆਇ ਕੇ ਏਸ ਜਹਾਨ ਬੰਦੇ,
ਭਲਾ ਕਰਮ ਨਾ ਕੋਈ ਕਮਾਇਆ ਈ
ਪੈਰੀ ਪਾਇ ਨਾ ਤੀਰਥੀ ਨਾਇਆ ਤੂੰ,
ਭਰ ਰੁਗ ਨਾ ਕਿਸੇ ਸਵਾਇਆ ਈ
ਰਸਨੀ ਨਾਮ ਨਾ ਸਾਈ ਦਾ ਜਪਿਓ ਈ,
ਗੁਰਦਰਸ਼ ਨਾ ਨੇਤ੍ਰੀ ਪਾਇਆ ਈ,
ਏਹੁ ਜਨਮ ਅਮੋਰ ਵਜ਼ੀਰ ਸਿੰਘਾ,
ਐਵੇਂ ਖ਼ਾਕ ਮੋ ਚਾਇ ਰੁਲਾਇਆ ਈ।

ਕੱਵਾਲੀ ਦੇ ਬਦਲਦੇ ਸੰਦਰਭ ਅਤੇ ਆਧੁਨਿਕ ਪਰਿਪੇਖ : ਹੌਲੀ-ਹੌਲੀ ਕੱਵਾਲੀ ਗਾਇਨ ਕਲਾ ਆਪਣੇ ਆਰੰਭਿਕ ਦੌਰ ਤੋਂ ਸਿਖਰ ਵੱਲ ਵੱਧਦੀ ਚਲੀ ਗਈ। ਕੱਵਾਲੀ ਦਾ ਵਿਸ਼ਾ ਮੂਲ ਰੂਪ ਵਿਚ ਅਧਿਆਤਮਿਕ ਪੱਖ ਨੂੰ ਬਿਆਨ ਕਰਦਾ ਸੀ। ਪਰੰਤੂ ਸਮੇਂ ਦੇ ਬਦਲਾਵ ਨਾਲ ਇਸ ਗਾਇਨ ਸ਼ੈਲੀ ਨੇ ਆਪਣੇ ਵਿਚ ਕਈ ਹੋਰ ਵੰਨਗੀਆਂ ਨੂੰ ਸਮੋ ਕੇ ਇੱਕ ਨਵਾਂ ਮੁਹਾਂਦਰਾ ਅਖ਼ਤਿਆਰ ਕਰ ਲਿਆ। ਇਸ ਨਾਲ ਕੱਵਾਲੀ ਦਾ ਦਾਇਰਾ ਵਿਸ਼ਾਲ ਹੋ ਗਿਆ। ਕੱਵਾਲੀ ਨਾਲ ਮਿਲਦੀਆਂ-ਜੁਲਦੀਆਂ ਗਾਇਨ ਸ਼ੈਲੀਆਂ ਦੀ ਹੀ ਗੱਲ ਕਰੀਏ ਤਾਂ ਇਸ ਵਿਚ ਕੌਲ, ਕਲਵਾਨਾਂ, ਨਕਸ਼-ਏ-ਗੁਲ, ਨਕਸ਼-ਏ-ਨਿਗਾਰ, ਬਸੀਤ, ਰੰਗ, ਧਮਾਲ, ਸੀਹਰਫੀਆਂ ਦੇ ਰੂਪ ਵਿਚ ਪ੍ਰਚੱਲਿਤ ਰਹੀਆਂ ਹਨ। ਇਹ ਗਾਇਨ ਸ਼ੈਲੀਆਂ ਵੀ ਪੀਰਾਂ-ਫ਼ਕੀਰਾਂ ਦੀਆਂ ਖ਼ਾਨਗਾਹਾਂ ਵਿਚ ਰੂਹਾਨੀ ਸਫ਼ਰ ਤੈਅ ਕਰਦੀਆਂ ਨਿਵੇਕਲੇ ਰੂਪ ਵਿਚ ਸਿਖਰ ਬਿੰਦੂ ਉੱਤੇ ਆ ਪਹੁੰਚੀਆਂ। ਇਹ ਵੀ ਮੰਨਿਆ ਜਾਂਦਾ ਹੈ ਕਿ ਕੱਵਾਲੀ ਦੇ ਜਨਮ ਨਾਲ ਹੀ ਇਨ੍ਹਾਂ ਦਾ ਵੀ ਜਨਮ ਹੋਇਆ ਪਰੰਤੂ ਇਨ੍ਹਾਂ ਵਿਚੋਂ ਕੱਵਾਲੀ ਗਾਇਨ ਸ਼ੈਲੀ ਬਹੁਤ ਜ਼ਿਆਦਾ ਪ੍ਰਫੁੱਲਿਤ ਹੋਈ। ਅੱਜਕੱਲ੍ਹ ਕੱਵਾਲੀ ਦੇ ਮੁਕਾਬਲੇ ਇਨ੍ਹਾਂ ਗਾਇਨ ਸ਼ੈਲੀਆਂ ਨੂੰ ਘੱਟ ਗਾਇਆ ਜਾਂਦਾ ਹੈ। ਇਨ੍ਹਾਂ ਸ਼ੈਲੀਆਂ ਦਾ ਅਲੱਗ-ਅਲੱਗ ਰਸਮਾਂ, ਰੀਤੀ-ਰਿਵਾਜਾਂ ਨਾਲ ਸੰਬੰਧ ਰਿਹਾ ਹੈ। ਕੱਵਾਲੀ ਗਾਇਨ ਦੇ ਪ੍ਰਫੁੱਲਿਤ ਹੋਣ ਕਾਰਨ ਇਹ ਸੂਫ਼ੀਆਂ ਦੀਆਂ ਖ਼ਾਨਗਾਹਾਂ ਵਿਚੋਂ ਨਿਕਲ ਕੇ ਦਰਬਾਰਾਂ ਵਿਚ ਪਹੁੰਚ ਗਈ ਅਤੇ ਕੱਵਾਲੀ ਦਾ ਰੂਪ ਅਧਿਆਤਮਿਕਤਾ ਦੇ ਦਾਇਰੇ ਚੋਂ ਨਿਕਲ ਕੇ ਸ਼ਿੰਗਾਰਿਕ ਰੂਪ

ਧਾਰਨ ਕਰ ਗਿਆ। ਉਸ ਸਮੇਂ ਦੇ ਅਧਿਕਾਰੀ ਜਾਂ ਸ਼ਾਹੀ ਲੋਕ ਜਿਸ ਤਰ੍ਹਾਂ ਦਾ ਸੰਗੀਤ ਪਸੰਦ ਕਰਦੇ ਸਨ, ਕਲਾਕਾਰ ਉਸੇ ਤਰ੍ਹਾਂ ਦਾ ਹੀ ਸੰਗੀਤ ਪੇਸ਼ ਕਰ ਦਿੰਦੇ ਸਨ ਅਤੇ ਕਵੀ ਵੀ ਉਸੇ ਤਰ੍ਹਾਂ ਦਾ ਹੀ ਸਾਹਿਤ ਲਿਖਦੇ ਸਨ। ਇਸ ਦੇ ਕਾਰਨ ਕੱਵਾਲੀ ਵਿਚ ਹਰ ਰੰਗ ਸ਼ਾਮਿਲ ਹੋ ਗਿਆ ਜਿਵੇਂ ਭਗਤੀ, ਵੀਰ, ਸ਼ਿੰਗਾਰਿਕ ਆਦਿ ਕੱਵਾਲੀ ਗਾਇਨ ਸ਼ੈਲੀ ਨੂੰ ਸ਼ਾਹੀ ਸ਼ੌਕ ਵਜੋਂ ਅਪਣਾਇਆ ਗਿਆ। ਮੂਲ ਰੂਪ ਵਿਚ ਕੱਵਾਲੀ ਨੇ ਹਕੀਕੀ ਤੋਂ ਮਿਜਾਜ਼ੀ ਰੂਪ ਧਾਰਨ ਕਰ ਲਿਆ।

ਫ਼ਿਲਮੀ ਜਗਤ ਦੇ ਸੰਗੀਤ ਪ੍ਰੇਮੀਆਂ ਅਤੇ ਸੰਗੀਤਕਾਰਾਂ ਨੇ ਕੱਵਾਲੀ ਦੀ ਵੱਧ ਰਹੀ ਅਹਿਮੀਅਤ ਨੂੰ ਦੇਖ ਕੇ ਇਸ ਨੂੰ ਫ਼ਿਲਮਾਂ ਵਿਚ ਪ੍ਰਵੇਸ਼ ਕਰਵਾਇਆ ਅਤੇ ਕੱਵਾਲੀ ਇੱਕ ਨਵੇਂ ਰੂਪ ਵਿਚ ਫ਼ਿਲਮੀ ਸੰਗੀਤ ਨਾਲ ਜੁੜ ਗਈ। ਕੱਵਾਲੀ ਦੀ ਵੱਧ ਰਹੀ ਲੋਕ ਪ੍ਰਿਯਤਾ ਕਾਰਨ ਹੀ ਫ਼ਿਲਮਾਂ ਵਿਚ ਕੱਵਾਲੀ ਦੀ ਮੰਗ ਹੋਣ ਲੱਗੀ। ਸਮੇਂ ਦੇ ਬਦਲਾਓ ਨਾਲ ਸਮਾਜਿਕ ਹੋਵੇ ਜਾਂ ਰਾਜਨੀਤਿਕ ਹਰ ਇੱਕ ਪਹਿਲੂ ਤੇ ਕੱਵਾਲੀ ਗਾਈ ਗਈ ਜਿਵੇਂ ਵਿਆਹ, ਦੇਸ਼ ਭਗਤੀ ਦਾ ਮੌਕਾ, ਔਰਤਾਂ ਅਤੇ ਮਰਦਾਂ ਦੇ ਮੁਕਾਬਲੇ ਅਤੇ ਹੋਰ ਸਮਾਜਿਕ ਸਰੋਕਾਰ ਆਦਿ। ਔਰਤਾਂ ਦੇ ਕੱਵਾਲੀ ਗਾਇਨ ਸ਼ੁਰੂ ਕਰਨ ਕਾਰਨ ਇਸ ਦੇ ਰੂਪ ਵਿਚ ਬਹੁਤ ਜ਼ਿਆਦਾ ਪਰਿਵਰਤਨ ਆ ਗਿਆ। ਇਸ ਤਰ੍ਹਾਂ ਕੱਵਾਲੀ ਦੇ ਵਿਭਿੰਨ ਪੱਖਾਂ ਨੇ ਕੱਵਾਲੀ ਨੂੰ ਹਰ ਖੇਤਰ ਵਿਚ ਮਕਬੂਲ ਕੀਤਾ, ਜਿਸ ਤਰ੍ਹਾਂ ਪਰਿਵਰਤਨ ਕੁਦਰਤ ਦਾ ਨਿਯਮ ਹੈ ਠੀਕ ਉਸੀ ਤਰ੍ਹਾਂ ਬਦਲਦੇ ਸਮੇਂ ਨਾਲ ਕੱਵਾਲੀ ਗਾਇਨ ਸ਼ੈਲੀ ਦੇ ਬਦਲਦੇ ਰੂਪ ਭਾਵ ਅਧਿਆਤਮਿਕ ਪੱਖ ਤੋਂ ਗੁਜ਼ਰਦੇ ਹੋਏ ਇਸ ਵਿੱਚ ਸ਼ਿੰਗਾਰਿਕ ਪੱਖ ਅਤੇ ਹੋਰ ਆਧੁਨਿਕ ਵਿਸ਼ਿਆਂ ਦਾ ਸਮਾਵੇਸ਼ ਹੁੰਦਾ ਗਿਆ ਤੇ ਅੱਜ ਕੱਵਾਲੀ ਵਿਸ਼ਵਭਰ ਵਿੱਚ ਸੁਣੀ ਜਾਂਦੀ ਹੈ।

* ਖੋਜਾਰਥਣ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

# ਰਾਗ ਦੁਰਗਾ (ਤਿੰਨ ਤਾਲ)

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਗੰਧਾਰ ਅਤੇ ਨਿਖਾਦ ਵਰਜਤ ਇਸ ਬਿਲਾਵਲ ਠਾਠ ਦੇ ਰਾਗ ਵਿੱਚ ਸ਼ਾਸਤਰਾਂ ਅਨੁਸਾਰ ਮੱਧਯਮ ਵਾਦੀ ਅਤੇ ਖਰਜ ਸੰਵਾਦੀ ਸੁਰ ਹਨ ਪਰ ਇਸ ਦੇ ਵਿਸਥਾਰ ਵਿੱਚ ਧੈਵਤ ਸੁਰ ਬਹੁਤ ਚਮਕਦਾ ਹੈ। ਰਾਤ ਦਾ ਰਾਗ ਹੋਣ ਦੇ ਨਾਤੇ ਧੈਵਤ ਨੂੰ ਵਾਦੀ ਨਹੀਂ ਰੱਖਿਆ ਜਾ ਸਕਦਾ। ਇਸ ਰਾਗ ਦੇ ਸਾਰੇ ਸੁਰ ਸ਼ੁੱਧ ਹਨ। ਸ਼ੁੱਧ ਸੁਰਾਂ ਦਾ ਓਢਵ ਰਾਗ ਗਾਉਣ ਵਜਾਉਣ ਵਿੱਚ ਸਰਲ ਹੋਣਾ ਚਾਹੀਦਾ ਹੈ ਪਰ ਇਸ ਦੇ ਉਲਟ ਇਸ ਨੂੰ ਗਾਉਣ ਲੱਗਿਆਂ ਸ਼ੁੱਧ ਮਲ੍ਹਾਰ ਅਤੇ ਜਲਧਰ ਕੇਦਾਰ ਤੋਂ ਬਚਾਉਣ ਦੀ ਬਹੁਤ ਲੋੜ ਹੈ। ਪੰਚਮ ਇਸ ਦਾ ਨਿਆਸ ਸੁਰ ਹੈ।

**ਆਰੋਹ**: ਸ $^{ਮ}$ਰ ਮ ਪ $^{ਸੰ}$ਧ ਸੰ

**ਅਵਰੋਹ**: ਸੰ $^{ਸੰ}$ਧ $^{ਪ}$ਮ $^{ਮ}$ਰ $^{ਰ}$ਧ਼ ਸ

**ਮੁੱਖਅੰਗ**: ਮ ਪ ਧ ਮ $^{ਮ}$ਰ $^{ਰ}$ਧ਼ ਸ।

**ਚਾਲ**: ਸਰਧ਼-ਸ,ਸਰਮਰ-ਧ਼ਸ,ਸਧ਼ਸਰਮ-ਮਰ-ਧ਼ਸ,ਸਰਮਰ-ਪ-ਮਪ
ਮਰਧ਼ਸ,ਸਰਮਰਪ-ਮਪਧ-ਪ-ਧਮਪਧਮਰ-ਪ-ਮਪਧ-ਮਪਧ
ਸੰ-ਸੰਰੰਸੰ,ਸੰਰੰਮੰਰੰ-ਧਸੰ,ਸੰਧਪਮਰਰਪ-ਪਧਮਰ-ਸਧ਼-ਸ।

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮਪ | ਧਸੰ | ਧ | ਪ | ਮ | ਰ | ਸ | ਰ | ਪ | – | ਪ | ਪ | ਧ | ਮ | ਪ | ਧ |
| ਪੂਣ | ਣਣ | ਰ | ਨ | ਜੋ | ਣ | ਤ | ਜ | ਗੈ | ਣ | ਘ | ਟ | ਮੈ | ਣ | ਣ | ਣ |
| ਮਪ | ਧਸੰ | ਧ | ਪ | ਮ | ਰ | ਸ | ਰ | ਪ | – | ਪ | ਪ | ਧ | ਮ | ਪ | ਪਪ |
| ਪੂਣ | ਣਣ | ਰ | ਨ | ਜੋ | ਣ | ਤ | ਜ | ਗੈ | ਣ | ਘ | ਟ | ਮੈ | ਣ | ਣ | ਤੁਥ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | – | ਪ | ਪ | ਧ | ਮ | ਪ | ਧ | $^{ਮ}$ਰ | – | ਰ | ਰ | ਸ | $^{ਸ}$ਧ਼ | ਸ | –, |
| ਖਾ | ਣ | ਲ | ਸ | ਤਾ | ਣ | ਹਿ | ਨ | ਖਾ | ਣ | ਲ | ਸ | ਜਾ | ਣ | ਨੈ | ਣ, |
| ੦ | | | | ੩ | | | | x | | | | ੨ | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | – | ਪ | ਪ | $^{ਸੰ}$ਧ | ਮ | ਪ | ਧ | ਸੰ | – | ਸੰ | ਸੰ | ਸੰ | ਰੰ | ਸੰ | ਸੰ |
| ਜਾ | ਣ | ਗ | ਤ | ਜੋ | ਣ | ਤ | ਜ | ਪੈ | ਣ | ਨਿ | ਸ | ਬਾ | ਣ | ਸ | ਰ |
| ਧ | – | ਧ | ਧ | ਸੰ | – | ਰੰ | ਰੰ | ਸੰ | – | ਧ | ਪ | ਮ | ਰ | ਪ, | ਪਪ |
| ਏ | ਣ | ਕ | ਬਿ | ਨਾ | ਣ | ਮ | ਨ | ਨੈ | ਣ | ਕ | ਨ | ਆ | ਣ | ਨੇ, | ਤੁਥ |
| ਪ | – | ਪ | ਪ | | | | | | | | | | | | |
| ਖਾ | ਣ | ਲ | ਸ | | | | | | | | | | | | |
| ੦ | | | | ੩ | | | | x | | | | ੨ | | | |

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥
ਜਾਗਿਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥

### TRANSLITERATION

Pooran Joth Jagai Ghatt Mai Thab Khalas Thahi Nakhalas Janai ||
Jagith Joth Japai Nis Basur Eaek Bina Man Naik N Anai ||
Pooran Praem Pratheeth Sajai Brath Gor Marrhee Matt Bhool N Manai ||
Theerathh Dhan Dhaya Thap Sanjam Eaek Bina Nehi Eaek Pashhanai ||

### ENGLISH TRANSLATION

Such a man, in whose heart shines the full Divinely Radiant Light is a true a pure Khalsa. He the Khalsa meditates on the Ever-radiant Light, day and night, and rejects all else but the one Lord from the mind. He decorates himself with perfect love and faith, and believed not in fasts, tombs, crematoriums and hermit cells, even by mistake. He knows none except the one Lord in the performance of acts of pilgrimage, charities, compassion, austerities and self-control.

*("Sarbloh Granth")*

**The Sarbloh Granth (Punjabi: ਸਰਬਲੋਹ ਗ੍ਰੰਥ, sarabalōha grantha), also called Manglacharan Puran or Sri Manglacharan Ji, is a voluminous scripture. It consists of more than 6,500 poetic stanzas. The Sarabloh Granth is a separate religious text from the Guru Granth Sahib and Dasam Granth. It is considered as amalgamation of writings of Guru Gobind Singh and other poets. Sarbloh Granth literally means Scripture of Wrought Iron.**

**Source:** https://en.wikipedia.org/wiki/Sarbloh_Granth

RNI Regd. No.46788/89 ISSN 0972-2335

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

## ENGLISH TRANSLATION

BAARAH MAAHAA ~ THE TWELVE MONTHS: MAAJH, FIFTH MEHL, FOURTH HOUSE:

ONE UNIVERSAL CREATOR GOD. BY THE GRACE OF THE TRUE GURU:

In the month of Vaisaakh, how can the bride be patient? She is separated from her Beloved. She has forgotten the Lord, her Life-companion, her Master; she has become attached to Maya, the deceitful one. Neither son, nor spouse, nor wealth shall go along with you-only the Eternal Lord. Entangled and enmeshed in the love of false occupations, the whole world is perishing. Without the Naam, the Name of the One Lord, they lose their lives in the hereafter. Forgetting the Merciful Lord, they are ruined. Without God, there is no other at all. Pure is the reputation of those who are attached to the Feet of the Beloved Lord. Nanak makes this prayer to God: "Please, come and unite me with Yourself." The month of Vaisaakh is beautiful and pleasant, when the Saint causes me to meet the Lord. ||3||

*(SGGS Page: 133)*